KING 73 RENO LTD. FREE ESTIMATES 22 ਸਾਲ ਦਾ ਤਜਰਬਾ
WE DO ALL KIND OF RENOVATION
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ
*ਫਰੇਮਿੰਗ *ਡਰਾਈਵਾਲ *ਪੇਂਟਿੰਗ *ਟਾਈਲਾਂ *ਸਨਡੈੱਕ ਦੀ ਰਿਪੇਅਰ *ਲੈਮੀਨੇਟ *ਵਾਸ਼ਰੂਮ *ਕਿਚਨ *ਐਕਸਟਰਾ ਰੂਮ ਐਡੀਸ਼ਨ *ਇਲੈਕਟ੍ਰਿਕਲ *ਪਲੰਬਿੰਗ *ਰੂਫਿੰਗ ਦਾ ਕੰਮ
www.king73reno.com GURDEEP S. GILL
778.896.4555

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜ਼ਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

# ਪੰਜਾਬ ਗਾਰਡੀਅਨ ਐਬਟਸਫੋਰਡ

# PUNJAB GUARDIAN

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood

Tel: 604-590-5200 Fax:604-596-5700 Toll Free: 1-877-584-5200 Vol. 30, Issue No. 07, Ending Date:Feb 17, 2023

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

WALIA FOREX LTD
ਦੁਨਿਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send money instantly Worldwide
We also Buy & Sell US Dollars/Euro & Pounds
778-822-8410 #2A-2599 Cedar Park Pl. Abbotsford, BC
778-861-0324 #285-8128-128 St. Surrey, BC

# ਐਬਟਸਫੋਰਡ ਸਿਟੀ ਕੌਂਸਲ ਦਾ ਵੱਡਾ ਫ਼ੈਸਲਾ

## ਸੜਕ ਦਾ ਨਾਮ ਰੱਖਿਆ ਜਾਵੇਗਾ 'ਕਾਮਾਗਾਟਾ ਮਾਰੂ ਵੇਅ'



ਐਬਟਸਫੋਰਡ:ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਐਬਟਸਫੋਰਡ ਵਿੱਚ ਇੱਕ ਸੜਕ ਦੇ ਇੱਕ ਹਿੱਸੇ ਦਾ ਨਾਂ ਉਨ੍ਹਾਂ 376 ਪੰਜਾਬੀਆਂ ਦੀ ਯਾਦ ਵਿੱਚ 'ਕਾਮਾਗਾਟਾ ਮਾਰੂ ਵੇਅ' ਰੱਖਿਆ ਜਾਵੇਗਾ, ਜੋ 1914 ਵਿੱਚ ਤੋਂ ਕੈਨੇਡਾ ਆਏ ਸਨ, ਪਰ ਕੈਨੇਡਾ ਦੀ ਸਰਕਾਰ ਨੇ ਉਨ੍ਹਾਂ ਨੂੰ ਮੋੜ ਦਿੱਤਾ ਗਿਆ ਸੀ।ਐਬਟਸਫੋਰਡ ਸਿਟੀ ਕੌਂਸਲ ਨੇ ਪਿਛਲੇ ਹਫ਼ਤੇ ਸਾਊਥ ਫਰੇਜ਼ਰ ਵੇਅ ਦੇ ਇੱਕ ਹਿੱਸੇ ਦਾ ਨਾਮ ਕਾਮਾਗਾਟਾ ਮਾਰੂ ਵੇਅ ਵਿਚ ਬਦਲਣ ਲਈ ਸਰਬਸੰਮਤੀ ਨਾਲ ਵੋਟ ਕੀਤਾ-ਜੋ ਵੇਅਰ ਸਟਰੀਟ ਤੋਂ ਫੇਅਰਲੇਨ ਸਟ੍ਰੀਟ ਤੱਕ ਫੈਲਿਆ ਹੋਇਆ ਹੈ।ਕੌਂਸਲ ਨੇ ਐਬਟਸਫੋਰਡ ਸਿੱਖ ਗੁਰਦੁਆਰੇ ਵਿੱਚ 10,000 ਡਾਲਰ ਦੀ ਲਾਗਤ ਨਾਲ ਇੱਕ ਤਖ਼ਤੀ ਅਤੇ ਕਾਮਾਗਾਟਾਮਾਰੂ ਘਟਨਾ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਉਣ ਲਈ ਵਿੱਦਿਅਕ ਕਿੱਟਾਂ ਦੇਣ ਲਈ ਵੀ ਵੋਟ ਦਿੱਤੀ (ਬਾਕੀ ਸਫਾ ਬੀ4 ਤੇ)

# ਭਾਰਤੀ ਫੌਜ ਦੀ ਬੇਰਹਿਮੀ ਦਾ ਸ਼ਿਕਾਰ ਕਸ਼ਮੀਰੀ ਬੱਚੇ



ਸ੍ਰੀਨਗਰ:ਜੰਮੂ-ਕਸ਼ਮੀਰ ਦੇ ਬੱਚੇ ਭਾਰਤੀ ਫੌਜ ਦੇ ਜ਼ੁਲਮਾਂ ਦਾ ਸੰਤਾਪ ਭੁਗਤ ਰਹੇ ਹਨ ਕਿਉਂਕਿ ਫ਼ੌਜਾਂ ਵੱਲੋਂ ਇਲਾਕੇ ਵਿੱਚ ਕਤਲ, ਮਨਮਾਨੀ ਨਜ਼ਰਬੰਦੀ ਅਤੇ ਅਗਵਾ ਕਰਨ ਸਮੇਤ ਉਨ੍ਹਾਂ ਖ਼ਿਲਾਫ਼ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਜਾਰੀ ਹੈ।ਕਸ਼ਮੀਰ ਮੀਡੀਆ ਸਰਵਿਸ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਸ਼ਮੀਰ ਵਿੱਚ ਪਿਛਲੇ 33 ਸਾਲਾਂ ਦੌਰਾਨ ਭਾਰਤੀ ਸੈਨਿਕਾਂ ਦੁਆਰਾ 900 ਤੋਂ ਵੱਧ ਕਸ਼ਮੀਰੀ ਬੱਚੇ ਕਤਲ ਕੀਤੇ ਗਏ ਹਨ ਅਤੇ ਸੈਂਕੜੇ ਭਾਰਤੀ ਸੈਨਿਕਾਂ ਦੁਆਰਾ ਗੋਲੀਆਂ ਚਲਾਉਣ ਕਾਰਨ ਆਪਣੀਆਂ ਅੱਖਾਂ ਦੀ ਰੌਸ਼ਨੀ ਗੁਆ ਚੁੱਕੇ ਹਨ।1990 ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਬੱਚੇ ਆਪਣੇ ਮਾਤਾ-ਪਿਤਾ ਨੂੰ ਗੁਆ ਚੁੱਕੇ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਬਹੁਤ ਸਾਰੇ ਕਸ਼ਮੀਰੀ ਬੱਚਿਆਂ ਨੇ ਆਪਣਾ ਬਚਪਨ ਭਾਰਤੀ ਨਜ਼ਰਬੰਦੀ ਸੈੱਲਾਂ ਵਿੱਚ ਗੁਜ਼ਾਰਿਆ ਹੈ ਅਤੇ ਜਨਵਰੀ 1989 ਤੋਂ 31 ਜਨਵਰੀ 2023 ਤੱਕ 107,896 ਬੱਚੇ ਯਤੀਮ ਹੋਏ ਹਨ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey (Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੀਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

BASANT SWEETS & RESTAURANT
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ,ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
ਚਨਾ ਭਟੂਰਾ ਅੰਮ੍ਰਿਤਸਰੀ ਕੁਲਚਾ $4.99
ਸਪੈਸ਼ਲ ਗੁਲਾਬ ਜਾਮੁਨ $4.99/Lbs
TAKE OUT-DINE IN & CATERING
ਫੋਨ:604-595-3535
#402-8148 128 St. Surrey (Payal Business Cenre)

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

SUPER VISA INSURANCE
• BEST RATES GUARANTEED
• FULL REFUND IF VISA DENIED
• PARTIAL REFUND IF PARENTS LEAVE EARLY
• MORTGAGE INSURANCE
CALL SUPER VISA SPECIALIST SANDEEP AHUJA CHS
604-996-6862
Surrey & Abbotsford

Universal Auto Collision Ltd.
• ICBC Claims » ਆਈ. ਸੀ. ਬੀ. ਕਲੇਮਜ਼
• Private Claims » ਪ੍ਰਾਈਵੇਟ ਕਲੇਮਜ਼
• Free Courtesy Cars » ਫਰੀ ਕਰਟਸੀ ਕਾਰ
• Auto Glass Replacement » ਆਟੋ ਗਲਾਸ ਰਿਪਲੇਸਮੈਂਟ
• Free Estimates » ਫਰੀ ਐਸਟੀਮੇਟ
Ph. 604-596-2800 Fax: 604-596-3800
Satisfaction Guarantee
#1, 7680-134th Street, Surrey, BC V3W 7T8

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels #204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500 604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN MORTGAGE GROUP
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

BEST DEAL TRAVEL INC. WE'LL SHOW YOU THE WORLD
LICENSE # BCCP 79576
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

HARVY JAWANDA
PERSONAL REAL ESTATE CORPORATION
604.655.7776
RE/MAX
YOUR SURREY REALTOR®
YOURSURREYREALTOR.COM



FARM AND SPICE
Open 7 Days a Week
8.30 am to 9.00 pm
SPECIAL OFFERS: 10 - 16 FEB
Daily Specials on
ਬ੍ਰੋਕਲੀ
Brocolli
99¢ /lb
ਹਰੇ ਪਿਆਜ
Green Onion
99¢ each
ਸ਼ਿਮਲਾ ਮਿਰਚ
Green Pepper
$1.49 /lb
ਪੱਤਾ ਗੋਬੀ
Cabbage
99¢ /lb
ਜੰਬੋ ਬੈਂਗਣ
Eggplant
Jumbo
$1.49 each
ਜ਼ੁਕੀਨੀ
Zuchinni
99¢ /lb
ਆਵੋਕਾਡੋ
Avocado
99¢ each
ਟਮਾਟਰ
Tomatoes
Roma
$1.49 /lb
ਬਿਕਾਨੋ ਸੁਜੀ ਰੱਸ
Bikano
Suji Rusk
600g
$4.49 each
ਅਸ਼ੋਕਾ ਸਾਗ
Ashoka
Sarson Ka Saag
850g
$2.99 each
ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g
$3.99 each
ਬਦਾਮ
Almonds
Supreme Quality
$4.49 /lb
ਏ-ਪਲਸ ਸੋਯਾ
Aplus
Soya Chunks/ Mini Chunks
200g
$1.99 each
ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each
ਢਿੱਲੋਂ ਬਿਸਕੁਟ
Dhillon
Punjabi Biscuit
1.5lb
$5.99 each
ਯਮਕੀਨਜ਼ ਪਾਣੀ ਪੂਰੀ
Yamkeens
Pani Puri
360g
$4.99 each
ਟਾਟਾ ਚਾਹ
Tata Tea
Premium
220 bags
$8.99 each
ਮੋਗਰਾ ਚਾਵਲ
Mogra
Basmati Rice
10 kgs
$9.99 each
ਮੋਗਰਾ ਚਾਵਲ
Mini Mogra
Basmati Rice
10 kgs
$9.99 each
ਹੀਰ ਆਟਾ
Heer Atta
Multigrain
10lb
$10.99 each
ਨੂਰ ਚਾਵਲ
Noor
Premium Basmati
10lb
$10.99 each
ਸੈਂਚੁਰੀ ਚਾਹ
Century No. 1
Premium Tea
1kg
$11.99 each
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
ਏ+ਪਲਸ ਤੇਲ
A+Plus
Mustard Oil
2ltr
$10.99 each
ਏ+ਪਲਸ ਤੇਲ
A+Plus
Mustard Oil
5ltr
$26.99 each
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last

# ਭਾਜਪਾ ਨੇ ਜੰਮੂ-ਕਸ਼ਮੀਰ ਨੂੰ ਅਫ਼ਗਾਨਿਸਤਾਨ ਬਣਾ ਦਿੱਤਾ ਹੈ:ਮਹਿਬੂਬਾ

ਸ੍ਰੀਨਗਰ:ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਇਲਜ਼ਾਮ ਲਗਾਇਆ ਕਿ ਭਾਰਤੀ ਜਨਤਾ ਪਾਰਟੀ ਨੇ ਸੂਬੇ ਨੂੰ ਅਫ਼ਗਾਨਿਸਤਾਨ ਵਿਚ ਤਬਦੀਲ ਕਰ ਦਿੱਤਾ ਹੈ ਅਤੇ ਉਹ ਗਰੀਬਾਂ ਅਤੇ ਪਛੜੇ ਲੋਕਾਂ ਦੇ ਘਰਾਂ ਨੂੰ ਢਾਹੁਣ ਲਈ ਬੁਲਡੋਜ਼ਰ ਦੀ ਵਰਤੋਂ ਕਰ ਰਹੀ ਹੈ।

ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੇ ਸੁਪਰੀਮੋ ਨੇ ਦੇਸ਼ ਵਿਚ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ "ਭਾਜਪਾ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ" ਪ੍ਰਤੀ ਮੂਕ ਦਰਸ਼ਕ ਨਾ ਬਣੇ ਰਹਿਣ। ਉਹਨਾਂ ਇਲਜ਼ਾਮ ਲਗਾਇਆ ਕਿ ਭਾਜਪਾ ਆਪਣੇ ਬਹੁਮਤ ਦੀ ਵਰਤੋਂ ਸੰਵਿਧਾਨ ਨੂੰ 'ਨਸ਼ਟ' ਕਰਨ ਲਈ ਕਰ ਰਹੀ ਹੈ। ਉਹਨਾਂ ਕਿਹਾ, "ਫਲਸਤੀਨ ਫਿਰ ਵੀ ਬਿਹਤਰ ਹੈ। ਘੱਟੋ ਘੱਟ ਲੋਕ ਗੱਲ ਕਰਦੇ ਹਨ। ਜਿਸ ਤਰ੍ਹਾਂ ਲੋਕਾਂ ਦੇ ਘਰ ਢਾਹੁਣ ਲਈ ਬੁਲਡੋਜ਼ਰ ਵਰਤੇ ਜਾ ਰਹੇ ਹਨ, ਉਸ ਨਾਲ ਕਸ਼ਮੀਰ ਦੇ ਹਾਲਾਤ ਅਫਗਾਨਿਸਤਾਨ ਨਾਲੋਂ ਵੀ ਬਦਤਰ ਹੁੰਦੇ ਜਾ ਰਹੇ ਹਨ। ਲੋਕਾਂ ਦੇ ਛੋਟੇ ਘਰਾਂ ਨੂੰ ਢਾਹੁਣ ਦਾ ਕੀ ਮਕਸਦ ਹੈ।"

ਮਹਿਬੂਬਾ ਨੇ ਕਿਹਾ ਕਿ ਸਰਕਾਰ ਮੁਤਾਬਕ ਸਦੀਆਂ ਪੁਰਾਣਾ ਸ਼ੰਕਰਾਚਾਰੀਆ ਮੰਦਰ ਅਤੇ ਤਤਕਾਲੀ ਮਹਾਰਾਜਾ ਦੁਆਰਾ ਬਣਾਈ ਗਈ ਛਾਉਣੀ ਵੀ ਕਬਜ਼ੇ ਵਾਲੀ ਜ਼ਮੀਨ 'ਤੇ ਬਣਾਈ ਗਈ ਸੀ। ਪੀਡੀਪੀ ਨੇਤਾ ਨੇ ਕਿਹਾ ਕਿ ਉਪ ਰਾਜਪਾਲ ਮਨੋਜ ਸਿਨਹਾ ਦਾਅਵਾ ਕਰ ਸਕਦੇ ਹਨ ਕਿ ਕਬਜੇ ਵਿਰੋਧੀ ਮੁਹਿੰਮ ਦੌਰਾਨ ਗਰੀਬਾਂ ਦੇ ਘਰਾਂ ਨੂੰ ਨਹੀਂ ਛੂਹਿਆ ਜਾਵੇਗਾ ਪਰ ਜ਼ਮੀਨੀ ਪੱਧਰ 'ਤੇ ਉਹਨਾਂ ਦੀ ਗੱਲ ਨਹੀਂ ਸੁਣੀ ਜਾ ਰਹੀ ਹੈ



ਕਿਉਂਕਿ ਟੀਨ ਦੀਆਂ ਛੱਤਾਂ ਵਾਲੇ ਘਰ ਵੀ ਢਾਹੇ ਜਾ ਰਹੇ ਹਨ। ਉਹਨਾਂ ਕਿਹਾ ਕਿ 'ਇਕ ਸੰਵਿਧਾਨ, ਇਕ ਵਿਧਾਨ, ਇਕ ਪ੍ਰਧਾਨ' ਦੀ ਸ਼ੁਰੂਆਤ ਨੇ 'ਇਕ ਦੇਸ਼, ਇਕ ਭਾਸ਼ਾ, ਇਕ ਧਰਮ' ਲਈ ਰਾਹ ਪੱਧਰਾ ਕੀਤਾ, ਜਿਸ ਵਿਚ ਕੋਈ ਸੰਵਿਧਾਨ ਨਹੀਂ ਹੈ।

ਉਹਨਾਂ ਕਿਹਾ ਕਿ ਸੰਵਿਧਾਨ ਦੀ ਗੱਲ ਕਰਨ ਵਾਲੇ ਵਿਅਕਤੀ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਉਹਨਾਂ ਸਵਾਲ ਕੀਤਾ ਕਿ ਕੀ ਧਾਰਾ 370 ਨੂੰ ਹਟਾਉਣਾ ਸੰਵਿਧਾਨਕ ਵਿਵਸਥਾਵਾਂ ਦੇ ਮੁਤਾਬਕ ਸੀ?

# ਮਹਿਬੂਬਾ ਨੂੰ ਮਾਰਚ ਨਹੀਂ ਕਰਨ ਦਿੱਤਾ




ਨਵੀਂ ਦਿੱਲੀ:ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ) ਦੀ ਮੁਖੀ ਮਹਿਬੂਬਾ ਮੁਫਤੀ ਜੰਮੂ-ਕਸ਼ਮੀਰ 'ਚ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਨਾਜਾਇਜ਼ ਕਬਜ਼ੇ ਵਿਰੋਧੀ ਮੁਹਿੰਮ ਦੇ ਵਿਰੋਧ 'ਚ ਬੁੱਧਵਾਰ ਇਥੇ ਸੜਕ 'ਤੇ ਉਤਰ ਆਈ। ਸੰਸਦ ਵੱਲ ਮਾਰਚ ਕਰਨ ਦੇ ਇਰਾਦੇ ਨਾਲ ਮਹਿਬੂਬਾ ਬੋਟ ਕਲੱਬ ਇਲਾਕੇ ਵਿੱਚ ਪਹੁੰਚੀ, ਜਿੱਥੇ ਉਨ੍ਹਾ ਦੇ ਦਰਜਨਾਂ ਸਮਰਥਕ ਇਕੱਠੇ ਹੋਏ ਸਨ। ਉਨ੍ਹਾਂ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ 'ਤੇ ਲਿਖਿਆ ਸੀ, 'ਧਮਕਾਉਣਾ ਬੰਦ ਕਰੋ, 'ਬੁਲਡੋਜ਼ਿੰਗ ਬੰਦ ਕਰੋ। ਮਹਿਬੂਬਾ ਜੰਮੂ-ਕਸ਼ਮੀਰ 'ਚ ਚਲਾਈ ਜਾ ਰਹੀ 'ਬੁਲਡੋਜ਼ਰ ਨੀਤੀ' ਬਾਰੇ ਵਿਰੋਧੀ ਪਾਰਟੀਆਂ ਨੂੰ ਜਾਣਕਾਰੀ ਦੇਣਾ ਚਾਹੁੰਦੇ ਸਨ। ਦਿੱਲੀ ਪੁਲਸ ਨੇ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਹਿਰਾਸਤ 'ਚ ਲੈ ਲਿਆ ਅਤੇ ਉਨ੍ਹਾ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਜੰਤਰ-ਮੰਤਰ ਲੈ ਗਈ। ਇਸ ਤੋਂ ਬਾਅਦ ਪ੍ਰਦਰਸ਼ਨਕਾਰੀ ਉੱਥੋਂ ਚਲੇ ਗਏ।

# ਮਾਓਵਾਦੀਆਂ ਨੇ ਭਾਜਪਾ ਆਗੂ ਦੀ ਕੀਤੀ ਹੱਤਿਆ

ਬੀਜਾਪੁਰ- ਛੱਤੀਸਗੜ੍ਹ ਦੇ ਬੀਜਾਪੁਰ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂ ਨੀਲਕੰਠ ਕਾਕੇਮ 'ਤੇ ਮਾਓਵਾਦੀਆਂ ਨੇ ਹਮਲਾ ਕੀਤਾ ਅਤੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਨੀਲਕੰਠ ਕਾਕੇਮ, ਜੋ ਕਿ ਪਿਛਲੇ 15 ਸਾਲਾਂ ਤੋਂ ਉਸੂਰ ਬਲਾਕ ਦੇ ਭਾਜਪਾ ਮੰਡਲ ਪ੍ਰਧਾਨ ਸਨ, 'ਤੇ ਉਸ ਸਮੇਂ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਜਦੋਂ ਉਹ ਆਪਣੇ ਜੱਦੀ ਪਿੰਡ ਪੈਕਰਮਾ ਵਿਖੇ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਗਿਆ ਸੀ, ਚੰਦਰਕਾਂਤ ਗਵਰਨਾ, ਸਹਾਇਕ ਪੁਲਿਸ ਸੁਪਰਡੈਂਟ (ਏਐਸਪੀ) ਨੇ ਦੱਸਿਆ। ਨੀਲਕੰਠ ਕੱਕੇਮ ਦੀ ਪਤਨੀ ਲਲਿਤਾ ਕੱਕੇਮ ਨੇ ਦੱਸਿਆ ਕਿ ਤਿੰਨ ਵਿਅਕਤੀ ਨੀਲਕੰਠ ਨੂੰ ਜ਼ਬਰਦਸਤੀ ਘਰ ਦੇ ਬਾਹਰ ਲੈ ਗਏ ਅਤੇ ਪਰਿਵਾਰਕ ਮੈਂਬਰਾਂ ਅਤੇ ਹੋਰ ਪਿੰਡ ਵਾਸੀਆਂ ਦੀ ਮੌਜੂਦਗੀ 'ਚ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਉਹ ਮੌਕੇ ਤੋਂ ਫਰਾਰ ਹੋ ਗਏ।

# ਸੌਦਾ ਸਾਧ ਨੇ ਪੰਥਕ ਸੰਸਥਾਵਾਂ ਨੂੰ ਕੀਤਾ ਚੈਲਿੰਜ

## ਅਖੇ ਤੁਸੀਂ ਲੋਕ ਸਿਰਫ ਆਪਣੇ ਧਰਮ ਦੇ ਲੋਕਾਂ ਦਾ ਹੀ ਨਸ਼ਾ ਛੁਡਵਾ ਦਿਓ

ਚੰਡੀਗੜ੍ਹ:ਸਾਧਵੀਆਂ ਦੇ ਸਰੀਰਕ ਸ਼ੋਸ਼ਣ ਅਤੇ ਕਤਲ ਦੇ ਦੋ ਕੇਸਾਂ ਵਿਚ ਸਜ਼ਾ ਕੱਟ ਰਹੇ ਅਤੇ ਪੈਰੋਲ 'ਤੇ ਚੱਲ ਰਹੇ ਸੌਦਾ ਡੇਰਾ ਮੁਖੀ ਰਾਮ ਰਹੀਮ ਦੇ ਨਸ਼ਾ ਛੁਡਵਾਉਣ ਦੇ ਚੈਲਿੰਜ ਵਾਲੇ ਬਿਆਨ ਨਾਲ ਮਾਹੌਲ ਗਰਮਾ ਗਿਆ ਹੈ। ਸੌਦਾ ਸਾਧ ਨੇ ਨਸ਼ਾ ਛੁਡਵਾਉਣ ਦੇ ਨਾਮ 'ਤੇ ਹੁਣ ਆਪਣੇ ਵਿਰੋਧੀਆਂ ਨੂੰ ਚੁਣੌਤੀ ਦਿੱਤੀ ਸੀ। ਪੈਰੋਲ 'ਤੇ ਯੂ. ਪੀ. ਦੇ ਬਾਗਪਤ ਸਥਿਤ ਬਰਨਾਵਾ ਡੇਰੇ ਵਿਚ ਆਨਲਾਈਨ ਸਤਿਸੰਗ ਕਰਦੇ ਹੋਏ ਸੌਦਾ ਸਾਧ ਨੇ ਕਿਹਾ ਕਿ ਤੁਸੀਂ ਲੋਕ ਸਿਰਫ ਆਪਣੇ ਧਰਮ ਦੇ ਲੋਕਾਂ ਦਾ ਹੀ ਨਸ਼ਾ ਛੁਡਵਾ ਦਿਓ। ਆ ਜਾਓ ਖੁੱਲ੍ਹੇ ਮੈਦਾਨ ਵਿਚ, ਸਾਡਾ ਚੈਲਿੰਜ ਹੈ। ਰਾਮ ਰਹੀਮ ਆਪਣੇ ਵਿਰੋਧੀਆਂ ਦਾ ਨਾਮ ਨਹੀਂ ਲੈ ਰਿਹਾ ਸੀ ਪਰ ਉਸ ਦਾ ਇਸ਼ਾਰਾ ਪੰਜਾਬ ਵਿਚ ਸਿੱਖ ਜਥੇਬੰਦੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲ ਮੰਨਿਆ ਜਾ ਰਿਹਾ ਹੈ। ਇਸ ਦੇ ਜਵਾਬ ਵਿਚ ਪੰਜਾਬ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੌਦਾ ਸਾਧ ਨੂੰ ਸਾਡੇ ਧਰਮ ਦੇ ਬਾਰੇ ਵਿਚ ਬੋਲਣ ਦਾ ਕੀ ਹੱਕ ਹੈ? ਅਸੀਂ ਸਮਾਜਿਕ ਬੁਰਾਈ ਨੂੰ ਦੂਰ ਕਰਨ ਵਿਚ ਲੱਗੇ ਹੋਏ ਹਾਂ। ਸਾਡੇ ਕੋਲ ਐੱਸ. ਜੀ. ਪੀ. ਸੀ. ਹੈ ਅਤੇ ਸਰਕਾਰ ਵੀ ਲੱਗੀ ਹੋਈ ਹੈ। ਸਾਨੂੰ ਸੌਦਾ ਦੀ ਸਲਾਹ ਦੀ ਜ਼ਰੂਰਤ ਨਹੀਂ ਹੈ।










# ਨਿਹੰਗ ਸਿੰਘ ਨੇ ਜਿਸ ਕੁੜੀ ਦੀ ਬਚਾਈ ਇੱਜ਼ਤ, ਓਹੀ ਕਰ ਗਈ ਅਜਿਹਾ ਕਾਰਾ

ਜਲੰਧਰ- ਸ਼ਹਿਰ ਵਿਚ ਵਾਪਰੀ ਇਕ ਘਟਨਾ ਨੇ ਇਨਸਾਨੀਅਤ ਨੂੰ ਫਿਰ ਤੋਂ ਸ਼ਰਮਸਾਰ ਕਰ ਦਿੱਤਾ ਹੈ। ਜਿਸ ਨਿਹੰਗ ਸਿੰਘ ਨੇ ਇਕ ਬੇਸਹਾਰਾ ਲੜਕੀ ਨੂੰ ਮਨਚਲਿਆਂ ਤੋਂ ਛੁੜਵਾ ਕੇ ਉਸ ਦੀ ਮਦਦ ਕੀਤੀ ਅਤੇ ਬਾਅਦ ਵਿਚ ਘਰ ਵਿਚ ਪਨਾਹ ਤੱਕ ਦੇ ਦਿੱਤੀ, ਉਹੀ ਲੜਕੀ ਉਨ੍ਹਾਂ ਦੀ 6 ਸਾਲਾ ਬੱਚੀ ਨੂੰ ਕਿਡਨੈਪ ਕਰ ਕੇ ਲੈ ਗਈ। ਸਬਜ਼ੀ ਵਿਕ੍ਰੇਤਾ ਦੀ ਪਤਨੀ ਨੇ ਲੜਕੀ ਅਤੇ ਬੱਚੀ ਨੂੰ ਗਾਇਬ ਪਾਇਆ ਤਾਂ ਉਸਨੇ ਤੁਰੰਤ ਆਪਣੇ ਪਤੀ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ।ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਬੰਦਾ ਸਿੰਘ ਨੀਵੀਂ ਆਬਾਦੀ ਸੰਤੋਖਪੁਰਾ ਨੇ ਦੱਸਿਆ ਕਿ ਉਹ ਸਬਜ਼ੀ ਵੇਚਣ ਦਾ ਕੰਮ ਕਰਦਾ ਹੈ ਅਤੇ ਆਪਣੇ ਪਰਿਵਾਰ ਨਾਲ ਕਿਰਾਏ ਦੇ ਮਕਾਨ ਵਿਚ ਰਹਿੰਦਾ ਹੈ।7 ਫਰਵਰੀ ਨੂੰ ਉਹ ਰੋਜ਼ਾਨਾ ਵਾਂਗ ਮਕਸੂਦਾਂ ਸਬਜ਼ੀ ਮੰਡੀ ਵਿਚ ਸਬਜ਼ੀ ਲੈਣ ਗਿਆ ਸੀ, ਜਿਉਂ ਹੀ ਉਹ ਟਰਾਂਸਪੋਰਟ ਨਗਰ ਚੌਕ ਪੁੱਜਾ ਤਾਂ ਦੇਖਿਆ ਕਿ ਇਕ ਲੜਕੀ ਨੂੰ ਕੁਝ ਨੌਜਵਾਨ ਤੰਗ ਕਰ ਰਹੇ ਸਨ, ਉਹ ਚੌਕ ਵਿਚ ਰੁਕ ਗਿਆ, ਜਿਸ ਨੂੰ ਦੇਖ ਕੇ ਨੌਜਵਾਨ ਭੱਜ ਗਏ।ਨਿਹੰਗ ਸਿੰਘ ਨੇ ਕਿਹਾ ਕਿ ਲੜਕੀ ਕਾਫੀ ਸਹਿਮੀ ਹੋਈ ਸੀ, ਜਿਸ ਨੂੰ ਇਕੱਲਾ ਛੱਡਣਾ ਉਸ ਨੇ ਸਹੀ ਨਹੀਂ ਸਮਝਿਆ ਅਤੇ ਉਸ ਨੂੰ ਆਪਣੇ ਨਾਲ ਹੀ ਮੰਡੀ ਲੈ ਗਿਆ। ਸਬਜ਼ੀ ਖਰੀਦਣ ਤੋਂ ਬਾਅਦ ਉਹ ਲੜਕੀ ਨੂੰ ਆਪਣੇ ਘਰ ਲੈ ਗਿਆ, ਜਿਸ ਦੇ ਕੱਪੜੇ ਤਕ ਫਟੇ ਹੋਏ ਸਨ। ਬੰਦਾ ਸਿੰਘ ਦੀ ਪਤਨੀ ਨੇ ਉਸ ਲੜਕੀ ਨੂੰ ਖਾਣਾ ਖੁਆਇਆ ਅਤੇ ਪਹਿਨਣ ਲਈ ਆਪਣੇ ਕੱਪੜੇ ਵੀ ਦਿੱਤੇ। ਲੜਕੀ ਆਪਣਾ ਨਾਂ ਕਾਜਲ ਦੱਸ ਰਹੀ ਸੀ। ਬੰਦਾ ਸਿੰਘ ਨੇ ਕਿਹਾ ਕਿ 11 ਵਜੇ ਉਸਨੇ ਸਬਜ਼ੀ ਵੇਚਣ ਲਈ ਨਿਕਲਣਾ ਸੀ ਅਤੇ ਲੜਕੀ ਨੂੰ ਕਹਿ ਕੇ ਗਿਆ ਸੀ ਕਿ ਉਹ ਉਸਨੂੰ ਵਾਪਸ ਆ ਕੇ ਰੇਲਵੇ ਸਟੇਸ਼ਨ ਤੋਂ ਗੱਡੀ ਵਿਚ ਬਿਠਾ ਦੇਵੇਗਾ ਪਰ ਲੜਕੀ ਕਦੀ ਤਾਂ ਆਪਣਾ ਪਤਾ ਦਿੱਲੀ ਦਾ ਦੱਸਦੀ ਸੀ ਅਤੇ ਕਦੀ ਲਖਨਊ ਦਾ। ਇਸ ਤੋਂ ਵੀ ਪਰਿਵਾਰ ਨੂੰ ਸ਼ੱਕ ਨਹੀਂ ਹੋਇਆ।ਨਿਹੰਗ ਬੰਦਾ ਸਿੰਘ ਨੇ ਭਾਵੇਂ ਇਨਸਾਨੀਅਤ ਦੇ ਨਾਤੇ ਲੜਕੀ ਦੀ ਮਦਦ ਕੀਤੀ ਪਰ ਹੁਣ ਉਹ ਪਛਤਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਸ਼ ਉਹ ਬਿਨਾਂ ਰੁਕੇ ਹੀ ਚਲਾ ਗਿਆ ਹੁੰਦਾ। ਮੈਂ ਲੜਕੀ ਦੀ ਮਦਦ ਕੀਤੀ ਪਰ ਉਹ ਮੇਰੇ ਜਿਗਰ ਦਾ ਟੋਟਾ ਹੀ ਕੱਢ ਕੇ ਲੈ ਗਈ। ਬੰਦਾ ਸਿੰਘ ਨੇ ਕਿਹਾ ਕਿ ਅਜਿਹੇ ਹਾਲਾਤ ਵਿਚ ਕੋਈ ਕਿਸੇ ਦੀ ਹੁਣ ਕਿਉਂ ਮਦਦ ਕਰੇਗਾ? ਬੱਚੀ ਦੇ ਕਿਡਨੈਪ ਹੋਣ ਤੋਂ ਬਾਅਦ ਆਂਚਲ ਦੀ ਮਾਂ ਦਾ ਵੀ ਰੋ-ਰੋ ਕੇ ਬੁਰਾ ਹਾਲ ਸੀ।ਥਾਣਾ ਇੰਚਾਰਜ ਨਵਦੀਪ ਸਿੰਘ ਨੇ ਕਿਹਾ ਇਕ ਕਿਸੇ ਦੀ ਮਦਦ ਕਰਨਾ ਗਲਤ ਨਹੀਂ ਹੈ ਪਰ ਉਸ ਦਾ ਤਰੀਕਾ ਸਹੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਇਕ ਜੇਕਰ ਕੋਈ ਅਜਨਬੀ ਮਦਦ ਮੰਗੇ ਤਾਂ ਤੁਰੰਤ ਪੁਲਸ ਨੂੰ ਸੂਚਨਾ ਦਿਓ ਤਾਂ ਕਿ ਪੁਲਸ ਉਸ ਅਜਨਬੀ ਨੂੰ ਲੈ ਕੇ ਸਾਰੀ ਜਾਂਚ ਕਰ ਲਵੇ। ਉਨ੍ਹਾਂ ਕਿਹਾ ਇਕ ਬੰਦਾ ਸਿੰਘ ਨੇ ਭਾਵੇਂ ਲੜਕੀ ਦੀ ਮਦਦ ਕੀਤੀ ਪਰ ਕੀ ਪਤਾ ਉਹ ਮਦਦ ਦੇ ਬਹਾਨੇ ਹੀ ਘਰ ਵਿਚ ਆਈ ਹੋਵੇ। ਉਨ੍ਹਾਂ ਕਿਹਾ ਕਿ ਲੋਕ ਪੁਲਸ ਨਾਲ ਅਜਿਹੀਆਂ ਜਾਣਕਾਰੀਆਂ ਜ਼ਰੂਰ ਸ਼ੇਅਰ ਕਰਨ।



# ‘ਦੇਸ ਪ੍ਰਦੇਸ’ ਦੇ ਸੰਪਾਦਕ ਸ. ਗੁਰਬਖਸ਼ ਸਿੰਘ ਵਿਰਕ ਨਹੀਂ ਰਹੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਛਪਦੇ ਸਭ ਤੋਂ ਪੁਰਾਣੇ ਅਖਬਾਰ ਦੇਸ ਪ੍ਰਦੇਸ ਦੇ ਮੁੱਖ ਸੰਪਾਦਕ ਸ: ਗੁਰਬਖਸ਼ ਸਿੰਘ ਵਿਰਕ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ, ਉਹ 86 ਵਰ੍ਹਿਆਂ ਦੇ ਸਨ। ਸ: ਵਿਰਕ ਆਪਣੇ ਪਿੱਛੇ ਬੇਟਾ ਸ: ਸਰਬਜੀਤ ਸਿੰਘ ਵਿਰਕ ਅਤੇ ਦੋ ਬੇਟੀਆਂ ਸਮੇਤ ਆਪਣਾ ਹੱਸਦਾ ਵੱਸਦਾ ਪ੍ਰੀਵਾਰ ਛੱਡ ਗਏ ਹਨ । ਸ: ਵਿਰਕ ਦਾ ਜਨਮ 1937 ਵਿੱਚ ਅਣਵੰਡੇ ਪੰਜਾਬ ਦੇ ਸ਼ੇਖ਼ੂਪੁਰਾ ਵਿੱਚ ਹੋਇਆ ਸੀ, ਜਦ ਕਿ ਵੰਡ ਤੋਂ ਬਾਅਦ ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਰੇਰੂ ਵਿਖੇ ਆ ਕੇ ਰਹਿਣਲੱਗੇ। ਸ: ਗੁਰਬਖਸ਼ ਸਿੰਘ ਵਿਰਕ ਨੇ ਸਾਰੀ ਜ਼ਿੰਦਗੀ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਗੁਜ਼ਾਰੀ, ਉਹਨਾ ਜਲੰਧਰ ਤੋਂ ਛਪਦੇ ਅਕਾਲੀ ਪੱਤਰਕਾ ਅਖਬਾਰ ਵਿੱਚ 1962 ਤੋਂ 1985 ਤੱਕ ਕੰਮ ਕੀਤਾ। ਦੇਸ ਪ੍ਰਦੇਸ ਦੇ ਬਾਨੀ ਸੰਪਾਦਕ ਤਰਸੇਮ ਸਿੰਘ ਪੁਰੇਵਾਲ ਵੱਲੋਂ ਵਾਰ ਵਾਰ ਕਹਿਣ ਤੋਂ ਬਾਅਦ ਸ: ਵਿਰਕ ਨੇ 1985 ਵਿੱਚ ਯੂ ਕੇ ਵਿੱਚ ਆ ਕੇ ਦੇਸ ਪ੍ਰਦੇਸ ਲਈ ਕੰਮ ਸ਼ੁਰੂ ਕੀਤਾ ਅਤੇ 1995 ਤੋਂ ਹੁਣ ਤੱਕ ਬਤੌਰ ਮੁੱਖ ਸੰਪਾਦਕ ਸੇਵਾਵਾਂ ਨਿਭਾਉਂਦੇ ਆ ਰਹੇ ਸਨ। ਪੰਜਾਬੀ ਬੋਲੀ ਲਈ ਯੂ ਕੇ ਵਿੱਚ ਅਣਥੱਕ ਸੇਵਾਵਾਂ ਕਰਨ ਵਾਲੇ ਸ: ਵਿਰਕ ਦੇ ਅਕਾਲ ਚਲਾਣੇ ਦੀ ਖਬਰ ਕਾਰਨ ਯੂ ਕੇ ਭਰ ਦੇ ਪੰਜਾਬੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਫੈਲ ਗਈ ।

# ਪੀਏਯੂ ਨੇ 8 ਨਵੀਆਂ ਬਾਗਬਾਨੀ ਕਿਸਮਾਂ ਜਾਰੀ ਕੀਤੀਆਂ

ਲੁਧਿਆਣਾ:ਪੀਏਯੂ ਨੇ ਪੰਜਾਬ ਵਿੱਚ ਆਮ ਖੇਤੀ ਲਈ ਬਾਗਬਾਨੀ ਫਸਲਾਂ ਦੀਆਂ 18 ਨਵੀਆਂ ਕਿਸਮਾਂ ਵਿਕਸਤ ਕੀਤੀਆਂ ਹਨ ਅਤੇ ਸਿਫਾਰਸ਼ ਕੀਤੀਆਂ ਹਨ। ਇਨ੍ਹਾਂ ਵਿੱਚ ਨਿੰਬੂ ਦਾ ਵੈਨਿਗਲੀਆ ਸਾਂਗੁਇਗਨੋ, ਅਜਗਰ ਫਲ ਦਾ ਰੈੱਡ ਡਰੈਗਨ 1 ਅਤੇ ਵ੍ਹਾਈਟ ਡਰੈਗਨ 1, ਸੇਬ ਦਾ ਡੋਰਸੇਟ ਗੋਲਡਨ ਅਤੇ ਐਨਾ, ਖੀਰੇ ਦਾ ਪੀਕੇਐਚ 11, ਖਰਬੂਜੇ, ਗਾਜਰ ਅਤੇ ਧਨੀਆ ਸ਼ਾਮਲ ਹੈ, ਆਲੂ 101 ਅਤੇ ਆਲੂ ਦੀ 102, ਬੈਂਗਣ, ਭਿੰਡੀ1 ਅਤੇ ਫੂੱਲਾਂ ਦੀ ਫਸਲ ਵੀ ਸ਼ਾਮਲ ਹੈ।ਪੀਏਯੂ ਦੇ ਵਾਈਸ-ਚਾਂਸਲਰ ਡਾ: ਸਤਬੀਰ ਸਿੰਘ ਗੋਸਲ ਨੇ ਦੇਖਿਆ ਕਿ ਫਲਾਂ ਦੀਆਂ ਪੰਜ, ਸਬਜ਼ੀਆਂ ਦੀਆਂ 11 ਅਤੇ ਫੁੱਲਾਂ ਦੀਆਂ ਦੋ ਫ਼ਸਲਾਂ ਸਮੇਤ ਨਵੀਆਂ ਸਿਫ਼ਾਰਸ਼ਾਂ ਬਾਗਬਾਨੀ ਫ਼ਸਲਾਂ ਦੀ ਕਾਸ਼ਤ ਨੂੰ ਅੱਗੇ ਵਧਾਉਣਗੀਆਂ, ਇਸ ਤਰ੍ਹਾਂ ਫ਼ਸਲੀ ਵਿਭਿੰਨਤਾ ਲਈ ਵੀ ਰਾਹ ਪੱਧਰਾ ਹੋਵੇਗਾ। ਰਾਜ ਦੇ ਕਿਸਾਨਾਂ ਦੀ ਆਮਦਨ ਵੀ ਵਧੇਗੀ।ਇਨ੍ਹਾਂ ਕਿਸਮਾਂ ਨੂੰ ਬਾਗਬਾਨੀ ਵਿਭਾਗ ਪੰਜਾਬ ਦੀ ਡਾਇਰੈਕਟਰ ਸ੍ਰੀਮਤੀ ਸ਼ੈਲੇਂਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ ਸਟੇਟ ਵੈਰੀਏਟਲ ਅਪਰੂਵਲ ਕਮੇਟੀ ਦੀ ਮੀਟਿੰਗ ਦੌਰਾਨ ਪ੍ਰਵਾਨਗੀ ਦਿੱਤੀ ਗਈ। ਖੋਜ ਨਿਰਦੇਸ਼ਕ ਡਾ: ਏ.ਐਸ.ਢੱਟ ਅਤੇ ਪਸਾਰ ਸਿੱਖਿਆ ਦੇ ਨਿਰਦੇਸ਼ਕ ਡਾ: ਅਸ਼ੋਕ ਕੁਮਾਰ ਨੇ ਦੱਸਿਆ ਕਿ ਸਾਰੀਆਂ ਕਿਸਮਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ‘ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਇਹ ਪ੍ਰਵਾਨਗੀ ਦਿੱਤੀ ਗਈ ਹੈ।ਇਨਾ ਫਸਲਾ ਦੀ ਪੰਜਾਬ ਦੇ ਸੁੱਕੇ ਸਿੰਚਾਈ ਜ਼ੋਨ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ।

## (ਮੁੱਖ ਪੰਨੇ ਦੀ ਬਾਕੀ)

ਹੈ।ਕੌਂਸਲ ਦੇ ਸਾਹਮਣੇ ਪੇਸ਼ ਕੀਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਕਿ ਇਸ ਘਟਨਾ ਨੂੰ ਭਾਈਚਾਰਕ ਮਾਣ ਦੇ ਇੱਕ ਮਹੱਤਵਪੂਰਨ ਬਿੰਦੂ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। 1914 ਵਿਚ ਭਾਰਤ ਤੋਂ ਕੈਨੇਡਾ ਅਉਣ ਵਾਲੇ ਲੋਕਾਂ ਵਿਚ 361 ਸਿੱਖ, 12 ਮੁਸਲਮਾਨ ਅਤੇ 3 ਹਿੰਦੂਆਂ ਸਮੇਤ 376 ਵਿਆਕਤੀ ਸਨ।350 ਸਿੱਖਾਂ ਨੂੰ ਵਾਪਸ ਕੀਤਾ ਗਿਆ ਸੀ ਜੋ ਜ਼ਿਆਦਾਤਰ ਪੰਜਾਬ ਤੋਂ ਸਨ। ਉਨ੍ਹਾਂ ਨੂੰ ਕਈ ਮਹੀਨਿਆਂ ਤੱਕ ਗੰਭੀਰ ਸਥਿਤੀਆਂ ਵਿੱਚ ਡੌਕਿੰਗ ਤੋਂ ਰੋਕਿਆ ਗਿਆ ਅਤੇ ਅੰਤ ਵਿੱਚ ਭਾਰਤ ਵਾਪਸ ਜਾਣ ਲਈ ਮਜਬੂਰ ਕੀਤਾ ਗਿਆ।ਉਹ 23 ਸਤੰਬਰ, 1914 ਨੂੰ ਕੋਲਕਾਤਾ ਨੇੜੇ ਬੱਜ ਬੱਜ ਪਹੁੰਚੇ।ਰਿਪੋਰਟ ਨੇ ਕੌਂਸਲ ਨੂੰ ਦੱਸਿਆ ਕਿ “ਉੱਥੇ (ਵੈਨਕੂਵਰ) ਜ਼ਿਆਦਾਤਰ ਯਾਤਰੀਆਂ ਨੂੰ ਕੈਦ ਕਰ ਲਿਆ ਗਿਆ ਸੀ ਅਤੇ ਜਦੋਂ ਜਹਾਜ਼ ‘ਤੇ ਗੋਲੀਬਾਰੀ ਕੀਤੀ ਗਈ ਤਾਂ ਇਸ ਵਿਚ 20 ਸਿੱਖ ਸ਼ਹੀਦੀ ਪਾ ਗਏ ਸਨ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਣੇ ਬਿਜਨਸ ਵਿੱਚ ਆਪਣੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE IMMIGRATION & SETTLEMENT INC. Professional.Dedicated.Committed

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਤੁਸੀਂ ਮੁਸਲਮਾਨਾਂ, ਈਸਾਈਆਂ ਨੂੰ ਕਦੋਂ ਮਾਰੋਗੇ?' ਭਿਕਸ਼ੂ ਹਿੰਦੂਆਂ ਨੂੰ ਪੁੱਛਦਾ ਹੈ

ਨਵੀਂ ਦਿੱਲੀ: ਦਿੱਲੀ ਦੇ ਜੰਤਰ-ਮੰਤਰ 'ਤੇ ਹੋਏ ਸਮਾਗਮ ਦੌਰਾਨ ਹਿੰਦੂਤਵੀ ਸਮੂਹਾਂ ਨੇ ਖੁੱਲ੍ਹੇਆਮ ਮੁਸਲਮਾਨਾਂ ਅਤੇ ਈਸਾਈਆਂ ਦੇ ਕਤਲ ਦੀ ਮੰਗ ਕੀਤੀ। ਇੱਕ ਵੀਡੀਓ , ਜੋ ਸੋਸ਼ਲ ਮੀਡੀਆ ਤੇ ਬਹੁਤ ਘੁੰਮ ਰਹੀ ਹੈ ਜਿਸ ਵਿੱਚ ਇੱਕ ਹਿੰਦੂ ਸੰਤ, ਹਿੰਦੂਆਂ ਨੂੰ ਹਥਿਆਰਾਂ ਨਾਲ ਲੈਸ ਹੋਣ ਲਈ ਕਹਿੰਦਾ ਹੈ ਤਾਂ ਜੋ ਉਹ ਮੁਸਲਮਾਨਾਂ



ਅਤੇ ਈਸਾਈਆਂ ਨੂੰ ਮਾਰ ਸਕਣ।ਉਸਨੇ ਕਿਹਾ ਕਿ ਕਾਂਗਰਸ ਨੇ ਕਿਹਾ ਪਾੜੋ ਤੇ ਰਾਜ ਕਰੋ, ਈਸਾਈਆਂ ਨੇ ਵੀ 'ਮਾਰੋ ਤੇ ਰਾਜ ਕਰੋ ਦੀ ਨੀਤੀ ਅਪਣਾਈ" ਮੁਸਲਮਾਨ ਵੀ ਕਾਟੋ ਤੇ ਰਾਜ ਕਰੋ ਨਾਲ ਰਾਜ ਕੀਤਾ। ਤੁਸੀਂ (ਹਿੰਦੂ) ਕਦੋਂ ਮਾਰੋਗੇ ਤੇ ਕਤਲ ਕਰੋਗੇ? ਤੁਸੀਂ ਮੁਸਲਮਾਨਾਂ ਅਤੇ ਈਸਾਈਆਂ ਨੂੰ ਕਦੋਂ ਮਾਰੋਗੇ? ਉਸਨੇ ਹਿੰਦੂਆਂ ਨੂੰ ਆਪਣੇ ਘਰਾਂ ਵਿੱਚ ਤਲਵਾਰਾਂ ਅਤੇ ਬੰਦੂਕਾਂ ਸਮੇਤ ਹਥਿਆਰ ਰੱਖਣ ਦੀ ਸਲਾਹ ਦਿੱਤੀ।ਸਾਡੇ ਸਾਰੇ ਦੇਵਤਿਆਂ ਦੇ ਹੱਥ ਵਿੱਚ ਹਥਿਆਰ ਹਨ।

"ਇੱਕ ਹੱਥ ਵਿੱਚ ਹਥਿਆਰ (ਸ਼ਾਸਤਰ) ਅਤੇ ਦੂਜੇ ਹੱਥ ਵਿੱਚ ਆਪਣੇ ਧਾਰਮਿਕ ਗ੍ਰੰਥ (ਸ਼ਾਸਤਰ) ਰੱਖੋ, ਜੋ ਕੋਈ ਵੀ ਸਾਡੇ ਧਰਮ, ਸਾਡੇ ਭਾਈਚਾਰੇ ਜਾਂ ਸਾਡੀਆਂ ਮਾਵਾਂ-ਭੈਣਾਂ ਦੀ ਬੇਇਜ਼ਤੀ ਕਰਦਾ ਹੈ, ਉਸ ਨੂੰ ਦੇਸ਼ ਧ੍ਰੋਹੀ ਗਰਦਾਨ ਕੇ ਗੋਲੀ ਮਾਰ ਦਿੱਤੀ ਜਾਵੇ ਜਾਂ ਸੜਕਾਂ 'ਤੇ ਮਾਰ ਦਿੱਤਾ ਜਾਵੇ।ਦਿੱਲੀ ਵਿੱਚ ਇੱਕ ਹਿੰਦੂ ਯੁਵਾ ਵਾਹਿਨੀ ਸਮਾਗਮ ਵਿੱਚ ਕੀਤੀ ਟਿੱਪਣੀ ਲਈ ਸੁਦਰਸ਼ਨ ਟੀਵੀ ਦੇ ਮੁੱਖ ਸੰਪਾਦਕ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਭਾਰਤ ਨੂੰ ਇੱਕ "ਹਿੰਦੂ ਰਾਸ਼ਟਰ" ਜਾਂ ਇੱਕ ਹਿੰਦੂ ਰਾਸ਼ਟਰ ਵਿੱਚ ਬਦਲਣ ਲਈ, ਉਸਨੇ ਲੋਕਾਂ ਦੇ ਇੱਕ ਸਮੂਹ ਨੂੰ ਸਹੁੰ ਚੁਕਾਈ, ਉਹਨਾਂ ਨੂੰ "ਲਈ ਮਰਨ ਅਤੇ ਮਾਰਨ" ਦਾ ਹੁਕਮ ਦਿੱਤਾ।ਜੇਕਰ ਉਹ ਸਾਨੂੰ ਹਿੰਦੂ ਰਾਸ਼ਟਰ ਬਣਾਉਣ ਤੋਂ ਰੋਕਦੇ ਹਨ ਤਾਂ ਕੀ ਤੁਸੀਂ ਉਨ੍ਹਾਂ ਨੂੰ ਬਖਸ਼ੋਗੇ? ਕੀ ਤੁਸੀਂ ਉਨ੍ਹਾਂ ਨੂੰ ਸਬਕ ਨਹੀਂ ਦਿਓਗੇ?

# ਨਰਿੰਦਰ ਮੋਦੀ ਔਰੰਗਜ਼ੇਬ ਅਤੇ ਭਗਵੰਤ ਮਾਨ ਜ਼ਕਰੀਆਂ ਖ਼ਾਂ ਬਣਨ ਤੋਂ ਪਹਿਲਾਂ ਖ਼ਾਲਸੇ ਦਾ ਇਤਿਹਾਸ ਪੜ੍ਹ ਲਵੇ:ਸਿੱਖ ਯੂਥ ਫ਼ੈਡਰੇਸ਼ਨ

## ਸਿੱਖਾਂ ਨਾਲ ਜ਼ਾਲਮਾਨਾ ਰਵੱਈਆ ਅਪਣਾ ਰਹੀਆਂ ਨੇ ਸਰਕਾਰਾਂ:ਰਣਜੀਤ ਸਿੰਘ

ਅੰਮ੍ਰਿਤਸਰ: ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ 'ਚ ਦਹਾਕਿਆਂ ਤੋਂ ਨਜ਼ਰਬੰਦ ਸਿੰਘਾਂ ਨੂੰ ਰਿਹਾਅ ਕਰਨ ਦੀ ਬਜਾਏ ਸੂਬਾ ਅਤੇ ਕੇਂਦਰ ਸਰਕਾਰਾਂ ਜ਼ਾਲਮਾਨਾ ਰਵੱਈਆ ਅਪਣਾ ਰਹੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਮੋਹਾਲੀ ਦੇ ਕੌਮੀ ਇਨਸਾਫ਼ ਮੋਰਚੇ ਤੋਂ ਚੰਡੀਗੜ੍ਹ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਘੇਰਨ ਜਾ ਰਹੇ ਗੁਰਸਿੱਖਾਂ ਉੱਤੇ ਜ਼ੁਲਮ ਢਾਹ ਕੇ ਪੁਲਿਸ ਨੇ ਬੇਹੱਦ ਘਟੀਆ ਕਾਰਵਾਈ ਕੀਤੀ ਹੈ ਜਿਸ ਦੀ ਅਸੀਂ ਕਰੜੀ ਨਿੰਦਾ ਕਰਦੇ ਹਾਂ। ਉਹਨਾਂ ਕਿਹਾ ਕਿ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਔਰੰਗਜ਼ੇਬ ਅਤੇ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਜ਼ਕਰੀਆਂ ਖ਼ਾਂ ਬਣਨ ਤੋਂ ਪਹਿਲਾਂ ਖ਼ਾਲਸੇ ਦਾ ਇਤਿਹਾਸ ਪੜ੍ਹ ਲਵੇ ਤਾਂ ਚੰਗਾ ਹੈ। ਉਹਨਾਂ ਕਿਹਾ ਕਿ ਸਰਕਾਰਾਂ ਸਿੱਖ ਕੌਮ ਦੇ ਸਬਰ ਦੀ ਹੋਰ ਪਰਖ਼ ਨਾ ਕਰਨ, ਇਨਸਾਫ਼ ਨਾ ਮਿਲਣ ਕਰਕੇ ਵਿਦਰੋਹ ਹੋਰ ਰੂਪ ਧਾਰਨ ਕਰ ਲਵੇਗਾ। ਉਹਨਾਂ ਕਿਹਾ ਕਿ ਸਰਕਾਰਾਂ ਦੇ ਦੋਹਰੇ ਮਾਪਦੰਡਾਂ ਕਾਰਨ ਸਿੱਖਾਂ ਨੂੰ ਵਾਰ-ਵਾਰ ਮੋਰਚੇ ਲਗਾਉਣੇ ਪੈ ਰਹੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਨਾ ਤਾਂ ਚੰਡੀਗੜ੍ਹ ਮੋਰਚੇ ਦਾ ਅਤੇ ਨਾ ਹੀ ਬਹਿਬਲ ਕਲਾਂ ਮੋਰਚੇ ਦਾ ਕੋਈ ਇਨਸਾਫ਼ ਦੇ ਰਹੀਆਂ ਹਨ ਤੇ ਹੁਣ ਸਿੱਖ ਫਿਰ ਕਿਹੜੇ ਰਾਹੇ ਪੈਣ ? ਉਹਨਾਂ ਕਿਹਾ ਕਿ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦਾ ਇਨਸਾਫ ਨਾ ਮਿਲਿਆ ਤਾਂ ਖਾਲਸਾ ਪੰਥ ਚੁੱਪ ਕਰਕੇ ਨਹੀਂ ਬੈਠੇਗਾ। ਉਹਨਾਂ ਕਿਹਾ ਕਿ ਭਾਰਤ 'ਚ ਲੋਕਤੰਤਰ ਨਹੀਂ ਬਲਕਿ ਠੋਕਤੰਤਰ ਹੈ, ਸਜ਼ਾਵਾਂ ਪੂਰੀ ਕਰ ਚੁੱਕੇ ਧਰਮੀ ਗੁਰਸਿੱਖ ਵੀ ਜੇਲ੍ਹਾਂ 'ਚ ਤੁੰਨੇ ਹੋਏ ਹਨ ਅਤੇ ਬਲਾਤਕਾਰੀ ਤੇ ਕਾਤਲ ਅਸਾਧ ਸਿਰਸੇ ਵਾਲਾ ਬੁੱਲੇ ਲੁੱਟ ਰਿਹਾ ਹੈ।ਉਹਨਾਂ ਕਿਹਾ ਕਿ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਭਾਈ ਗੁਰਮੀਤ ਸਿੰਘ ਇੰਜੀਨੀਅਰ, ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਖੈੜਾ ਨੂੰ ਖ਼ਾਲਸਾ ਪੰਥ ਰਿਹਾਅ ਕਰਵਾ ਕੇ ਹੀ ਦਮ ਲਵੇਗਾ। ਫ਼ੈਡਰੇਸ਼ਨ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਭਗਵੰਤ ਮਾਨ ਵੀ ਜ਼ਾਲਮ ਮੁੱਖ ਮੰਤਰੀ ਬੇਅੰਤੇ ਬੁੱਚੜ ਦਾ ਰੂਪ ਧਾਰਨ ਕਰ ਚੁੱਕਾ ਹੈ ਜਿਵੇਂ ਦਰਬਾਰਾ-ਬਰਨਾਲਾ ਅਤੇ ਬਾਦਲ-ਕੈਪਟਨ ਸਰਕਾਰ ਵੇਲੇ ਸਿੱਖਾਂ ਉੱਤੇ ਜ਼ੁਲਮ ਹੁੰਦਾ ਰਿਹਾ, ਹੁਣ ਭਗਵੰਤ ਮਾਨ ਦੀ ਸਰਕਾਰ ਵਿੱਚ ਵੀ ਓਹੀ ਕੁਝ ਝੱਲਣਾ ਪੈ ਰਿਹਾ ਹੈ, ਕੁਝ ਵੀ ਨਹੀਂ ਬਦਲਿਆ। ਉਹਨਾਂ ਕਿਹਾ ਕਿ ਕੀ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨਾ ਵੀ ਕੋਈ ਜਰਮ ਹੈ ? ਉਹਨਾਂ ਕਿਹਾ ਕਿ ਜਿਨ੍ਹਾਂ ਜ਼ਾਲਮ ਪੁਲਸੀਆਂ ਨੇ ਅੱਜ ਚੰਡੀਗੜ੍ਹ ਵਿਖੇ ਸਿੱਖ ਸੰਗਤਾਂ ਉੱਤੇ ਜ਼ੁਲਮ ਢਾਹਿਆ ਉਹਨਾਂ ਉੱਤੇ ਲਾਹਣਤ ਹੈ, ਸਰਕਾਰਾਂ ਤਾਂ ਬਦਲਦੀਆਂ ਰਹਿੰਦੀਆਂ ਹਨ ਪਰ ਜ਼ੁਲਮ ਕਰਨ ਵਾਲੇ ਜ਼ਾਲਮ ਯਾਦ ਰੱਖਣ ਕਿ ਖ਼ਾਲਸਾ ਪੰਥ ਬਖ਼ਸ਼ੇਗਾ ਨਹੀਂ, ਬਦਲਾ ਜਰੂਰ ਲਵੇਗਾ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary
Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਮਸੂਮ ਬੱਚੇ ‘ਤੇ ਜ਼ੁਲਮ ਕਰਨ ਵਾਲੇ ਜਾਤ-ਪਾਤ ਦੇ ਹੰਕਾਰੀ ਜ਼ਾਲਮ ਦਾ ਧਾਰਮਿਕ, ਸਮਾਜਿਕ ਤੇ ਰਾਜਨੀਤਕ ਬਾਈਕਾਟ ਹੋਣਾ ਚਾਹੀਦਾ:ਸਰਬਜੀਤ ਸਿੰਘ ਘੁਮਾਣ/ਰਣਜੀਤ ਸਿੰਘ ਦਮਦਮੀ ਟਕਸਾਲ

## ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਤੁਰੰਤ ਬੱਚੇ ਦੇ ਹੱਕ ‘ਚ ਭੁਗਤਣ

ਅੰਮ੍ਰਿਤਸਰ:ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਮੋਰਾਂਵਾਲੀ ਪਿੰਡ ਵਿੱਚ ਓਸ ਜ਼ਾਲਮ ਹੰਕਾਰੀ ਖ਼ਿਲਾਫ਼ ਧਿਰਕਾਰ ਦਿਹਾੜਾ ਮਨਾ ਕੇ ਲਾਹਣਤ ਪਾਉਣੀ ਪਵੇਗੀ ਜਿਸ ਨੇ ਆਪਣੀ ਜ਼ਮੀਨ ਦਾਲੇ ਹੰਕਾਰ ‘ਚ 12 ਸਾਲਾਂ ਦੇ ਮਾਸੂਮ ਬੱਚੇ ਉੱਤੇ ਅੰਨ੍ਹੇਵਾਹ ਬੇ-ਰਹਿਮੀ ਨਾਲ ਜਬਰ ਕੀਤਾ। ਕਿਸਾਨ ਮਜ਼ਦੂਰ ਏਕਤਾ ਬਰਕਰਾਰ ਰੱਖਣ ਵਾਲੇ ਹਰ ਇਨਸਾਨ ਨੂੰ ਇਸ ਅੱਤਿਆਚਾਰ ਖ਼ਿਲਾਫ਼ ਡਟਣ ਦੀ ਲੋੜ ਹੈ। ਓਸ ਹੰਕਾਰੇ ਜ਼ਿੰਮੀਂਦਾਰ ਦੀ ਗਰਕੀ ਹੋਈ ਸੋਚ ਖਿਲਾਫ ਡਟਣ ਵਾਲੇ ਕਾਸ਼ਤਕਾਰ ਭਰਾਵਾਂ ਨੇ ਪੀੜਤ ਪਰਿਵਾਰ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦੇ ਪੰਜਾਬ ਦੀ ਵਿਰਾਸਤ ਦਾ ਮਾਣ ਕਾਇਮ ਰੱਖਿਆ ਹੈ। ਉਹਨਾਂ ਕਿਹਾ ਕਿ ਇਹ ਜਾਬਰ ਕਨੂੰਨ ਤੋਂ ਸਜ਼ਾ ਪਾਵੇ ਜਾਂ ਨਾ ਪਰ ਗੁਰੂ-ਘਰ ਤੋਂ ਕਦੇ ਬਖਸ਼ਿਆ ਨਹੀਂ ਜਾਵੇਗਾ। ਗੁਰੂ ਸਾਹਿਬਾਨ ਦੀ ਸੋਚ ਦੇ ਇਸ ਦੁਸ਼ਮਣ ਬਾਰੇ ਖਾਲਸਾ ਪੰਥ ਨੂੰ ਫੈਸਲਾ ਕਰਨਾ ਚਾਹੀਦਾ ਹੈ ਕਿ ਕਦੇ ਵੀ ਕਿਸੇ ਖੁਸ਼ੀ ਗਮੀ ਮੌਕੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਹੀਂ ਦਿੱਤਾ ਜਾਵੇਗਾ ਤੇ ਮਰਨ ਮੌਕੇ ਕੋਈ ਵੀ ਸਿੱਖ ਇਸ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਨਹੀਂ ਹੋਵੇਗਾ। ਜਾਤ-ਪਾਤ ਦੇ ਕੱਟੜ ਸਮਰਥਨ ਨੂੰ ਸਿੱਖ ਕਹਾਉਣ ਦਾ ਕੋਈ ਹੱਕ ਨਹੀਂ, ਓਹ ਸਿੱਖ ਹੋ ਹੀ ਨਹੀਂ ਸਕਦਾ ਜਿਹੜਾ ਜਾਤ ਪਾਤ ਦੇ ਆਧਾਰ ਉੱਤੇ ਜ਼ੁਲਮ ਕਰਨ ਦੀ ਗੱਲ ਕਰੇ। ਉਹਨਾਂ ਕਿਹਾ ਕਿ ਓਹ ਕਿਸਾਨੀ ਦਾ ਸੰਗ ਸਾਥ ਮਾਨਣ ਦਾ ਹੱਕਦਾਰ ਨਹੀਂ ਜਿਸ ਨੂੰ ਆਪਣੀ ਜ਼ਮੀਨ ਦਾ ਹੰਕਾਰ ਹੈ। ਸਾਰੀ ਮਨੁੱਖਤਾ ਲਈ ਇਹ ਬੰਦਾ ਕਲੰਕ ਹੈ। ਇਹ ਬੰਦਾ ਪੰਥ ਤੇ ਪੰਜਾਬ ਦਾ ਸਿਰ ਨੀਂਵਾਂ ਕਰਨ ਵਾਲ਼ਾ ਹੈ। ਇਹਦੀ ਕਰਤੂਤ ਕਰਕੇ ਹਰ ਸਿੱਖ ਤੇ ਹਰ ਕਿਸਾਨ ਮਾਨਸਿਕ ਸੰਤਾਪ ਭੋਗ ਰਿਹਾ ਹੈ। ਇਸ ਨੇ ਭਾਈ ਲਾਲੋ ਦੇ ਵਾਰਸਾਂ ਨੂੰ ਦਰਦ ਦਿੱਤਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਤਾਂ ਉਹਨਾਂ ਦੇ ਸੰਗ ਸਾਥ ਹੋਣ ਦੀ ਗੱਲ ਕੀਤੀ ਸੀ, ਦਸਮ ਪਾਤਸ਼ਾਹ ਨੇ ਤਾਂ ਇਹਨਾਂ ਨੂੰ ਸਰਦਾਰ ਬਣਾਉਣ ਦਾ ਅਹਿਦ ਕੀਤਾ ਸੀ ਪਰ ਇਸ ਸਖਸ਼ ਨੇ ਜੋ ਕਰਤੂਤ ਕੀਤੀ ਹੈ ਉਹਦੇ ਕਰਕੇ ਭਗਤ ਰਵਿਦਾਸ ਜੀ ਦੇ ਪੁਰਬ ਮਨਾਉਣ ਮੌਕੇ ਹਰ ਰਾਗੀ, ਢਾਡੀ, ਪ੍ਰਚਾਰਕ ਨੂੰ ਡਰ ਲੱਗਣ ਲਾ ਦਿੱਤਾ ਹੈ ਕਿ ਜਦ ਉਹ ਸਟੇਜ ਤੋਂ ਜਾਤ ਵਰਣ ਦੇ ਬ੍ਰਾਹਮਣਵਾਦੀ ਮੱਕੜਜਾਲ ਅਤੇ ਸਿੱਖ ਫਲਸਫੇ ਦੀ ਬਰਾਬਰਤਾ ਦੀ ਵਡਿਆਈ ਕਰ ਰਿਹਾ ਹੋਵੇ ਤਾਂ ਕੋਈ ਦੁਖੀ ਅੱਕ ਕੇ ਖੜ੍ਹਾ ਨਾ ਹੋ ਜਾਵੇ ਕਿ “ਜੀ ਛੱਡੋ ਇਹ ਗੱਲਾਂ।“ ਸਿੱਖ ਜਗਤ ਨੂੰ ਇਹ ਦਿਖਾਉਣਾ ਪਵੇਗਾ ਕਿ ਅਸੀਂ ਭਾਈ ਲਾਲੋ ਦੇ ਵਾਰਸਾਂ ਨਾਲ ਹਾਂ। ਭਾਈ ਸਰਬਜੀਤ ਸਿੰਘ ਘੁਮਾਣ ਅਤੇ ਭਾਈ



ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸਿੱਖ ਧਰਮ ਦੀਆਂ ਸੰਸਥਾਵਾਂ ਦੇ ਅਹੁਦੇਦਾਰ ਆਪਣੇ ਫਰਜ ਨਿਭਾਉਣ। ਤਖ਼ਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਤੇ ਹੋਰ ਸੰਸਥਾਵਾਂ ਦੇ ਗੁਰਸਿੱਖ ਓਸ ਦੁਖੀ ਪਰਿਵਾਰ ਨੂੰ ਮਿਲਣ ਤੇ ਹਮਾਇਤ ਦਾ ਐਲਾਨ ਕਰਨ। ਇਹ ਲੜਾਈ ਓਹੀ ਹੈ ਜੋ ਗੁਰੂ ਸਾਹਿਬਾਨ ਨੇ ਤੋਰੀ ਸੀ। ਬ੍ਰਾਹਮਣਵਾਦ ਦੀ ਜਾਤ ਵਰਣ ਦੇ ਹਰ ਸਮਰਥਕ ਨਾਲ ਗੁਰੂ ਨਾਨਕ ਸਾਹਿਬ, ਗੁਰੂ ਨਾਨਕ ਦੇ ਫਲਸਫੇ ਅਤੇ ਗੁਰੂ ਨਾਨਕ ਦੇ ਪੈਰੋਕਾਰਾਂ ਦੀ ਟੱਕਰ ਹੈ।ਅੱਜ ਬ੍ਰਾਹਮਣਵਾਦ ਇਹੋ ਜਿਹੇ ਲੋਕਾਂ ਰਾਹੀ ਫੇਰ ਸਿੱਖ ਕੌਮ ਨੂੰ ਵੰਗਾਰ ਰਿਹਾ। ਆਓ ਕੁਝ ਐਹੋ ਜਿਹਾ ਕਰੀਏ ਕਿ ਇਸ ਹੰਕਾਰੀ ਨੂੰ ਉਹਦੀ ਮਾਂ ਲਾਹਣਤਾਂ ਪਾਵੇ, ਉਹਦੇ ਪਰਿਵਾਰ ਦਾ ਹਰ ਮੈਂਬਰ ਉਹਨੂੰ ਮਿਲਣ ਤੋਂ ਕੁਰਾਹੇ ਤੇ ਉਹ ਦਰ ਦਰ ਮਾਫੀਆਂ ਮੰਗਦਾ ਫਿਰੇ ਤੇ ਆਪਣੀ ਕਰਤੂਤ ਲਈ ਉਸ ਬੱਚੇ ਦੀਆਂ ਮਿੰਨਤਾਂ ਕਰੇ ਕਿ ਮੈਨੂੰ ਸਿੱਖ ਕੌਮ ਤੋਂ ਬਖਸ਼ਾ ਦੇਵੇ।ਇਸ ਨੂੰ ਗੁਰੂ ਦੀ ਮਾਰ ਪੈਣੀ ਚਾਹੀਦੀ ਹੈ। ਇਹ ਮਾਮਲਾ ਇੱਕ ਮਿਸਾਲ ਬਣੇ ਤਾਂ ਕਿ ਇਹੋ ਜਿਹੀ ਬਿਮਾਰੀ ਵਾਲੇ ਹੋਰ ਵੀ ਸੁਚੇਤ ਹੋ ਜਾਣ। ਜੇ ਅੱਜ ਵੀ ਖਾਲਸਾ ਪੰਥ ਨੇ ਫਰਜ ਨਾ ਪਛਾਣਿਆ ਤਾਂ ਗੁਰੂ ਸਾਨੂੰ ਕਦੇ ਨਹੀਂ ਬਖਸ਼ੇਗਾ। ਇਹੋ ਜਿਹੀ ਨੀਚ ਬਿਰਤੀ ਖਿਲਾਫ ਉੱਠੇ ਸਿੱਖਾਂ ਨੇ ਹੀ ਸ਼੍ਰੋਮਣੀ ਕਮੇਟੀ ਦਾ ਮੁੱਢ ਬੰਨ੍ਹਿਆ ਸੀ। ਉਦੋਂ ਮਲਿਕ ਭਾਗੋ ਦੇ ਵਾਰਸ ਸ੍ਰੀ ਦਰਬਾਰ ਸਾਹਿਬ ਵਿੱਚ ਭਾਈ ਲਾਲੋ ਦੇ ਵਾਰਸਾਂ ਨੂੰ ਦੁਪਹਿਰ ਮੌਕੇ ਦਰਸ਼ਨ ਕਰਨ ਦੇ ਹੁਕਮ ਸੁਣਾਉਂਦੇ ਸੀ ਕਿ ਤੁਹਾਡੀ ਛਾਂ ਗੁਰੂ-ਘਰ ਵਿੱਚ ਨਹੀਂ ਪੈਣੀ ਚਾਹੀਦੀ। ਉਦੋਂ ਭਾਈ ਲਾਲੋ ਦੇ ਵਾਰਸਾਂ ਦੀ ਦੇਗ ਵੀ ਪ੍ਰਵਾਨ ਨਹੀਂ ਸੀ ਹੁੰਦੀ ਪਰ ਗੁਰੂ ਦੇ ਸਿੱਖ ਇਸ ਬ੍ਰਾਹਮਣਵਾਦ ਖਿਲਾਫ ਡਟ ਗਏ ਤੇ ਪੁਜਾਰੀਵਾਦ ਨੂੰ ਹਾਰ ਮੰਨਣੀ ਪਈ। ਸੋ ਨੀਚਤਾ ਵਾਲੇ ਤਾਂ ਦਰਬਾਰ ਸਾਹਿਬ ਤੱਕ ਵੀ ਪਹੁੰਚ ਗਏ ਸੀ,ਪਰ ਗੁਰੂ ਦੀ ਸੰਗਤ ਨੇ ਭਜਾ ਦਿੱਤੇ ਸੀ ਤੇ ਅੰਤ ਜਦ ਸੰਤ ਭਿੰਡਰਾਂਵਾਲਿਆਂ ਨੂੰ ਕਿਸੇ ਹਿੰਦੂ ਆਗੂ ਨੇ ਸਵਾਲ ਕੀਤਾ ਤਾਂ ਜਵਾਬ ਮਿਲਿਆ ਕਿ ਜਿੰਨਾ ਨੂੰ ਤੁਸੀਂ ਸਭ ਤੋਂ ਹੇਠਲੇ ਦਰਜੇ ਉੱਤੇ ਰੱਖਿਆ ਸਾਡੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਉਹਨਾਂ ਵਿਚੋਂ ਹੀ ਹਨ। ਆਓ, ਮਲਿਕ ਭਾਗੋ ਦੇ ਹੰਕਾਰ ਖਿਲਾਫ ਮੈਦਾਨ ਵਿੱਚ ਨਿਤਰੀਏ।ਮਲੇਰਕੋਟਲੇ ਦੇ ਨਵਾਬ ਸ਼ੇਰ ਖਾਂ ਦੇ ਵਾਰਸਾਂ ਦਾ ਸ਼੍ਰੋਮਣੀ ਕਮੇਟੀ ਸਨਮਾਨ ਜੇ ਠਹਿਰ ਕੇ ਵੀ ਕਰ ਲਵੇ ਤਾਂ ਕੋਈ ਗੱਲ ਨਹੀਂ ਪਰ ਮਲੇਰਕੋਟਲੇ ਕੋਲ ਦੇ ਪਿੰਡ ਮੋਰਾਂਵਾਲੀ ਦੇ ਇਸ ਪੀੜਤ ਪਰਿਵਾਰ ਕੋਲ ਜਾਣ ਦੀ ਤੁਰੰਤ ਲੋੜ ਹੈ।

# ਬਲੀ ਦੇ ਬੱਕਰੇ

ਦਿੱਲੀ ਦੇ ਐਡੀਸ਼ਨਲ ਸੈਸ਼ਨ ਜੱਜ ਅਰੁਲ ਵਰਮਾ ਨੇ ਦਸੰਬਰ 2019 ਵਿਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਖਿਲਾਫ ਪ੍ਰੋਟੈਸਟ ਦੌਰਾਨ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਨੇੜੇ ਹਿੰਸਾ ਦੇ ਮਾਮਲੇ ‘ਚ ਵਿਦਿਆਰਥੀ ਕਾਰਕੁਨਾਂ ਸ਼ਰਜੀਲ ਇਮਾਮ, ਸਫੂਰਾ ਜ਼ਰਗਰ ਤੇ ਆਸਿਫ ਇਕਬਾਲ ਤਨਹਾ ਸਣੇ 11 ਵਿਅਕਤੀਆਂ ਨੂੰ ਸ਼ਨੀਵਾਰ ਇਹ ਤਲਖ ਟਿੱਪਣੀ ਕਰਦਿਆਂ ਬਰੀ ਕਰ ਦਿੱਤਾ ਕਿ ਪੁਲਸ ਨੇ ਅਸਲ ਅਪਰਾਧੀਆਂ ਨੂੰ ਫੜਨ ਦੀ ਥਾਂ ਇਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ।ਹਾਲਾਂਕਿ ਕੋਰਟ ਨੇ ਮਕੈਨਿਕ ਮੁਹੰਮਦ ਇਲਿਆਸ ਖਿਲਾਫ ਦੋਸ਼ ਕਰ ਦਿੱਤਾ, ਕਿਉਂਕਿ ਉਹ ਸੜਦਾ ਟਾਇਰ ਸੁੱਟਦਾ ਨਜ਼ਰ ਆਇਆ ਸੀ।ਫਾਜ਼ਲ ਜੱਜ ਨੇ ਆਪਣੇ ਫੈਸਲੇ ‘ਚ ਕਿਹਾ—ਚਾਰਜਸ਼ੀਟ ਤੇ ਸਪਲੀਮੈਂਟਰੀ ਚਾਰਜਸ਼ੀਟਾਂ ਨੂੰ ਵਾਚਦਿਆਂ ਸਾਹਮਣੇ ਆਏ ਤੱਥਾਂ ਨੂੰ ਧਿਆਨ ‘ਚ ਰੱਖਦਿਆਂ ਕੋਰਟ ਇਸ ਨਤੀਜੇ ‘ਤੇ ਅੱਪੜੀ ਹੈ ਕਿ ਪੁਲਸ ਨੇ ਇਨ੍ਹਾਂ ਨੂੰ ਬਿਨਾਂ ਕਿਸੇ ਠੋਸ ਸਬੂਤ ਦੇ ਏਨਾ ਸਮਾਂ ਖੱਜਲ ਕੀਤਾ। ਮੰਨਿਆ ਜਾ ਸਕਦਾ ਹੈ ਕਿ ਮੌਕੇ ‘ਤੇ ਵੱਡੀ ਗਿਣਤੀ ਵਿਚ ਪ੍ਰੋਟੈਸਟਰ ਸਨ ਤੇ ਕੁਝ ਗੈਰ-ਸਮਾਜੀ ਅਨਸਰ ਤਬਾਹੀ ਦਾ ਮਾਹੌਲ ਬਣਾ ਸਕਦੇ ਸਨ, ਪਰ ਚਾਰਜਸ਼ੀਟ ਵਿਚ ਇਹ ਜਵਾਬ ਨਹੀਂ ਮਿਲਿਆ ਕਿ ਮੁਲਜ਼ਮਾਂ ਨੇ ਹਿੰਸਾ ਕਰਨ ਲਈ ਤਿਆਰੀ ਕੀਤੀ ਹੋਈ ਸੀ।

ਪੁਲਸ ਨੇ ਇਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਲਾਪਰਵਾਹੀ ਤੇ ਦੰਭੀ ਤਰੀਕੇ ਨਾਲ ਸ਼ੁਰੂ ਕੀਤੀ ਤੇ ਇਨ੍ਹਾਂ ਨੂੰ ਲੰਮਾ ਸਮਾਂ ਚੱਲਣ ਵਾਲੀ ਅਦਾਲਤੀ ਕਾਰਵਾਈ ਦੀ ਕਠੋਰਤਾ ‘ਚੋਂ ਲੰਘਣ ਦੇਣ ਦੀ ਆਗਿਆ ਦੇਣਾ ਦੇਸ਼ ਦੀ ਫੌਜਦਾਰੀ ਇਨਸਾਫ ਪ੍ਰਣਾਲੀ ਲਈ ਚੰਗਾ ਨਹੀਂ ਹੈ।ਫਾਜ਼ਲ ਜੱਜ ਨੇ ਇਹ ਵੀ ਕਿਹਾ—ਇਸਤਗਾਸਾ ਨੇ ਗਲਤ ਤਰੀਕੇ ਨਾਲ ਚਾਰਜਸ਼ੀਟ ਦਾਇਰ ਕੀਤੀ ਸੀ।ਉਸ ਨੇ ਮਨਮਾਨੇ ਢੰਗ ਨਾਲ ਭੀੜ ਵਿਚਲੇ ਕੁਝ ਲੋਕਾਂ ਨੂੰ ਮੁਲਜ਼ਮ ਤੇ ਹੋਰਨਾਂ ਨੂੰ ਪੁਲਸ ਗਵਾਹ ਚੁਣ ਲਿਆ।ਇਹ ਨਿਰਪੱਖਤਾ ਦੇ ਸਿਧਾਂਤ ਲਈ ਹਾਨੀਕਾਰਕ ਹੈ।ਅਸਹਿਮਤੀ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦਾ ਵਿਸਤਾਰ ਹੈ।ਅਸਹਿਮਤੀ ਹੋਰ ਕੁਝ ਨਹੀਂ, ਸਗੋਂ ਭਾਰਤ ਦੇ ਸੰਵਿਧਾਨ ਦੇ ਆਰਟੀਕਲ 19 ਵਿਚ ਦਰਜ ਭਾਸ਼ਣ ਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਨਮੋਲ ਬੁਨਿਆਦੀ ਅਧਿਕਾਰ ਦਾ ਵਿਸਤਾਰ ਹੈ, ਜਿਹੜਾ ਵਾਜਬ ਪਾਬੰਦੀਆਂ ਦੇ ਅਧੀਨ ਹੈ।ਇਹ ਇਕ ਅਜਿਹਾ ਅਧਿਕਾਰ ਹੈ, ਜਿਸ ਨੂੰ ਕਾਇਮ ਰੱਖਣ ਲਈ ਅਸੀਂ ਸਹੁੰ ਚੁੱਕੀ ਹੈ।ਫਾਜ਼ਲ ਜੱਜ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਦਾ ਜ਼ਿਕਰ ਵੀ ਕੀਤਾ, ਜਿਨ੍ਹਾ ਕਿਹਾ ਸੀ ਕਿ ਸਵਾਲ ਉਠਾਉਣ ਤੇ ਅਸਹਿਮਤੀ ਦੀਆਂ ਸਪੇਸਾਂ ਨੂੰ ਨਸ਼ਟ ਕਰਨਾ ਸਾਰੇ ਵਿਕਾਸ—ਸਿਆਸੀ, ਆਰਥਕ, ਸੱਭਿਆਚਾਰਕ ਤੇ ਸਮਾਜੀ ਦੇ ਆਧਾਰ ਨੂੰ ਨਸ਼ਟ ਕਰ ਦਿੰਦਾ ਹੈ।ਇਸ ਅਰਥ ਵਿਚ ਅਸਹਿਮਤੀ ਜਮਹੂਰੀਅਤ ਦਾ ਇਕ ਸੇਫਟੀ ਵਾਲਵ ਹੈ।ਫਾਜ਼ਲ ਜੱਜ ਨੇ ਇਸਤਗਾਸਾ ਦੀ ਖਿਚਾਈ ਕਰਦਿਆਂ ਕਿਹਾ—ਵਰਤਮਾਨ ਮਾਮਲੇ ਵਿਚ ਸਭ ਤੋਂ ਅਸਾਧਾਰਨ ਗੱਲ ਇਹ ਸੀ ਕਿ ਪੁਲਸ ਨੇ ਇਕ ਚਾਰਜਸ਼ੀਟ ‘ਤੇ ਇਕ ਨਹੀਂ, ਸਗੋਂ ਤਿੰਨ ਸਪਲੀਮੈਂਟਰੀ ਚਾਰਜਸ਼ੀਟਾਂ ਦਾਇਰ ਕੀਤੀਆਂ, ਜਿਨ੍ਹਾਂ ਵਿਚ ਅਸਲ ‘ਚ ਕੁਝ ਵੀ ਪੇਸ਼ ਨਹੀਂ ਕੀਤਾ ਗਿਆ।ਇਸ ਤਰ੍ਹਾਂ ਚਾਰਜਸ਼ੀਟ ਦਾਖਲ ਕਰਨੀ ਬੰਦ ਹੋਣੀ ਚਾਹੀਦੀ ਹੈ।ਅਜਿਹੀ ਬਾਜ਼ੀਗਰੀ ਮੁਲਜ਼ਮਾਂ ਦੇ ਅਧਿਕਾਰਾਂ ਨੂੰ ਕੁਚਲਦੀ ਹੈ।ਪੁਲਸ ਇਹ ਸਾਬਤ ਕਰਨ ਵਿਚ ਨਾਕਾਮ ਰਹੀ ਕਿ ਮੁਲਜ਼ਮ ਹਿੰਸਕ ਭੀੜ ਦਾ ਹਿੱਸਾ ਸਨ। ਨਾ ਉਨ੍ਹਾਂ ਕੋਲ ਹਥਿਆਰ ਸਨ ਤੇ ਨਾ ਉਨ੍ਹਾਂ ਪੱਥਰ ਸੁੱਟੇ।ਅਨੁਮਾਨਾਂ ਦੇ ਆਧਾਰ ‘ਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਤੇ ਚਾਰਜਸ਼ੀਟ ਤਾਂ ਯਕੀਨਨ ਸੰਭਾਵਨਾਵਾਂ ਦੇ ਆਧਾਰ ‘ਤੇ ਦਾਇਰ ਨਹੀਂ ਕੀਤੀ ਜਾ ਸਕਦੀ।ਚੰਗਾ ਹੁੰਦਾ ਜੇ ਫਾਜ਼ਲ ਜੱਜ ਇਨ੍ਹਾਂ ਨੌਜਵਾਨਾਂ ਦੀ ਜ਼ਿੰਦਗੀ ਬਰਬਾਦ ਕਰਨ ਵਾਲੇ ਪੁਲਸ ਅਧਿਕਾਰੀਆਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਵਿਰੁੱਧ ਐਕਸ਼ਨ ਦਾ ਹੁਕਮ ਵੀ ਸੁਣਾ ਦਿੰਦੇ।ਅਕਸਰ ਅਜਿਹਾ ਹੁੰਦਾ ਹੈ ਕਿ ਬੇਕਸੂਰਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਜੇਲ੍ਹਾਂ ਵਿਚ ਸਾੜਿਆ ਜਾਂਦਾ ਹੈ।ਅਦਾਲਤਾਂ ਉਨ੍ਹਾਂ ਨੂੰ ਬਰੀ ਤਾਂ ਕਰ ਦਿੰਦੀਆਂ ਹਨ, ਪਰ ਅਦਾਲਤੀ ਕਾਰਵਾਈ ਲੰਮਾ ਵਕਤ ਲੈਂਦੀ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ






Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# 12 ਫਰਵਰੀ ਨੂੰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵਿਦਾਇਗੀ ਸਨਮਾਨ ਜਥੇਦਾਰ ਭਾਈ ਮਹਿੰਦਰ ਸਿੰਘ ਮਹਿਸਮਪੁਰ ਦੀਆਂ ਪੰਥਕ ਸੇਵਾਵਾਂ

ਸਰੀ:ਕਨੇਡਾ ਵਿੱਚ ਸਿੱਖ ਰਹਿਤ ਮਰਿਆਦਾ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਗ੍ਰੰਥੀ ਸਿੰਘ ਦੀਆਂ ਸੇਵਾਵਾਂ ਨਿਭਾਉਣ ਵਾਲੀ ਸ਼ਖਸ਼ੀਅਤ ਭਾਈ ਮਹਿੰਦਰ ਸਿੰਘ ਮਹਿਸਮਪੁਰ ਨੂੰ 12 ਫਰਵਰੀ 2023 ਨੂੰ ਵਿਦਾਇਗੀ ਦਿੱਤੀ ਜਾ ਰਹੀ ਹੈ।ਜਥੇਦਾਰ ਮਹਿਸਮਪੁਰ ਦਾ ਸਮੁੱਚਾ ਜੀਵਨ ਪੰਥਕ ਕਾਰਜਾਂ ਅਤੇ ਮਨੁੱਖੀ ਸੇਵਾ ਨੂੰ ਸਮਰਪਿਤ ਰਿਹਾ ਹੈ।ਜਿਥੇ ਉਨ੍ਹਾਂ ਨੂੰ ਸਿੱਖੀ ਸੋਚ ਪਰਵਾਰਿਕ ਵਿਰਸੇ ਵਿੱਚੋਂ ਮਿਲੀ ਉਥੇ ਮਾਨਵਵਾਦੀ ਸੇਧ ਭਗਤ ਪੂਰਨ ਸਿੰਘ ਜੀ ਦੀ ਪ੍ਰੇਰਨਾ ਰਾਹੀਂ ਮਿਲੀ।ਪਿੰਡ ਮਹਿਸਮਪੁਰ ਵਿੱਚ ਵਿਦਿਅਕ ਸੰਸਥਾਵਾਂ ਦੀ ਨਿਸ਼ਕਾਮ ਸੇਵਾ ਤੋਂ ਇਲਾਵਾ ਗੁਰੂ ਨਾਨਕ ਆਸ਼ਰਮ ਸਪਰੋਟ ਨੰਗਲ (ਫਗਵਾੜਾ)ਦੀ ਉਸਾਰੀ ਵਿਚ ਆਪਣਾ ਯੋਗਦਾਨ ਪਾਇਆ। ਆਪ ਭਾਈ ਟੋਡਰ ਮਲ ਹਵੇਲੀ ਫਤਹਿਗੜ੍ਹ ਸਾਹਿਬ ਦੀ ਸੇਵਾ ਲਈ ਸਰਪ੍ਰਸਤ ਅਤੇ ਗੁਰਦੁਆਰਾ ਸਾਹਿਬ ਮਸਤੂਆਣਾ ਦੇ ਟਰੱਸਟੀ ਵਜੋਂ ਸੇਵਾਵਾਂ ਨਿਭਾਉਂਦੇ ਹੋਏ ਪੰਥਕ ਹਿਤਾਂ ਲਈ ਤਿਆਰ ਬਰ ਤਿਆਰ ਹਨ। ਜਥੇਦਾਰ ਭਾਈ ਮਹਿੰਦਰ ਸਿੰਘ ਮਹਿਸਮਪੁਰ ਨੇ ਕਰੀਬ 24 ਵਰ੍ਹੇ ਇੰਗਲੈਂਡ ਵਿੱਚ ਗੁਰਦੁਆਰਾ ਗ੍ਰੇਵਜ਼ੈਂਡ ਵਿਖੇ ਸਿੱਖੀ ਪ੍ਰਚਾਰ ਕੀਤਾ ਤੇ ਨਾਲ ਹੀ ਜਥੇਦਾਰ ਸੁਖਦੇਵ ਸਿੰਘ ਢੀਂਡਸਾ ਦੇ ਉਤਸ਼ਾਹ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਵਜੋਂ ਸੇਵਾਵਾਂ ਨਿਭਾਈਆਂ ਸਨ। ਸੰਨ 2012 ਵਿੱਚ ਕੈਨੇਡਾ ਆ ਕੇ ਸਰੀ (ਕੈਨੇਡਾ)ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਧਾਰਮਿਕ ਡਿਊਟੀ ਤੋਂ ਇਲਾਵਾ ਸੰਸਥਾ ਦੀ ਬਿਹਤਰੀ ਲਈ ਦਿਨ-ਰਾਤ ਇੱਕ ਕੀਤਾ। 12 ਫਰਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਮੁੱਖ ਦੀਵਾਨ ਦੌਰਾਨ ਜਥੇਦਾਰ ਭਾਈ ਮਹਿੰਦਰ ਸਿੰਘ ਨੂੰ ਸਨਮਾਨਿਤ ਕਰਦਿਆਂ ਵਿਦਾਇਗੀ ਦੇਣਾ ਸ਼ਲਾਘਾਯੋਗ ਹੈ। ਗਿਆਨੀ ਮਹਿੰਦਰ ਸਿੰਘ ਅਨੁਸਾਰ ਸਿੱਖ ਕਦੇ ਵੀ ਸੇਵਾ ਤੇ ਸਿਮਰਨ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਉਹ ਦੋਵੇਂ ਸੇਵਾਵਾਂ ਭਵਿਖ ਵਿੱਚ ਵੀ ਨਿਸ਼ਕਾਮ ਪੱਧਰ ਤੇ ਨਿਰੰਤਰ ਜਾਰੀ ਰੱਖਣਗੇ।



**-ਡਾ.ਗੁਰਵਿੰਦਰ ਸਿੰਘ**

## ਪੰਥ ਦੋਖੀ ਬਾਦਲਾਂ ਨੂੰ ਆਪਣੇ ਕੀਤੇ ਕਾਰਿਆਂ, ਗ਼ਲਤੀਆਂ, ਗ਼ੁਨਾਹਾਂ, ਗ਼ਦਾਰੀਆਂ ਤੇ ਪਾਪਾਂ ਦਾ ਕੋਈ ਪਛਤਾਵਾ ਨਹੀਂ:ਸਰਬਜੀਤ ਸਿੰਘ ਘੁਮਾਣ/ਰਣਜੀਤ ਸਿੰਘ ਦਮਦਮੀ ਟਕਸਾਲ

ਅੰਮ੍ਰਿਤਸਰ:ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 1978 ਦਾ ਨਰਕਧਾਰੀ ਕਾਂਡ, 14 ਅਪ੍ਰੈਲ 1984 ਨੂੰ ਭਾਈ ਸੁਰਿੰਦਰ ਸਿੰਘ ਸੋਢੀ ਦਾ ਕਤਲ, ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ, 1985 'ਚ ਰਾਜੀਵ-ਲੌਂਗੋਵਾਲ ਸਮਝੌਤਾ, 1986 'ਚ ਨਕੋਦਰ ਬੇਅਦਬੀ ਅਤੇ ਗੋ਼ਲੀ ਕਾਂਡ, 2009 'ਚ ਭਾਈ ਦਰਸ਼ਨ ਸਿੰਘ ਲੋਹਾਰਾ ਦਾ ਕਤਲ ਕਾਂਡ, 2012 'ਚ ਭਾਈ ਜਸਪਾਲ ਸਿੰਘ ਦਾ ਗੁਰਦਾਸਪੁਰ 'ਚ ਕਤਲ ਕਾਂਡ ਸਮੇਤ ਅਕਤੂਬਰ 2015 ਦਾ ਬਰਗਾੜੀ-ਬਹਿਬਲ ਕਾਂਡ ਵਰਗੇ ਕਈ ਖ਼ੂਨੀ ਕਾਂਡਾਂ ਦਾ ਇਨਸਾਫ਼ ਜਿਹੜੇ ਬਾਦਲਕਿਆਂ ਨੇ ਨਹੀਂ ਦਿੱਤਾ, ਉਹ ਬਾਦਲਕੇ ਸਿੱਖਾਂ ਨੂੰ ਚਿੜ ਕੇ ਕਹਿੰਦੇ ਨੇ ਕਿ ਫੇਰ ਕਾਂਗਰਸ ਨੇ ਤੁਹਾਨੂੰ ਇਨਸਾਫ਼ ਦੇ ਦਿੱਤਾ? ਪੰਥਕ ਆਗੂਆਂ ਨੇ ਕਿਹਾ ਕਿ ਜੇ ਬਾਦਲਾਂ ਨੂੰ ਕਹੀਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਨੂੰ ਕਿਉਂ ਬਚਾਇਆ?ਤਾਂ ਅੱਗੋਂ ਕਹਿੰਦੇ ਨੇ ਕਿ ਤੁਸੀਂ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ 'ਤੇ ਵੀ ਬਹੁਤ ਔਖੇ ਹੋ ਪਰ ਤੁਸੀਂ ਇਹ ਸਵਾਲ ਕਾਂਗਰਸ ਨੂੰ ਕਿਉਂ ਨਹੀਂ ਕਰਦੇ? ਉਹਨਾਂ ਕਿਹਾ ਕਿ ਜੇ ਬਾਦਲਾਂ ਨੂੰ ਕਹੀਏ ਕਿ ਤੁਸੀਂ ਸਿੱਖ ਸੰਸਥਾਵਾ ਦੀ ਦੁਰਵਰਤੋਂ ਕੀਤੀ, ਸਿੱਖ ਧਰਮ ਦੇ ਬੇੜਾ ਗਰਕ ਕਰ ਦਿੱਤਾ ਤਾਂ ਕਹਿੰਦੇ ਜਿਹੜੇ ਦਾਅਵਾ ਕਰਦੇ ਹਨ ਕਿ ਅਸੀਂ ਸਿੱਖ ਧਰਮ ਬਚਾਉਣ ਲਈ ਸਰਗਰਮ ਹਾਂ ਉਹਨਾਂ ਨੇ ਕਦੇ ਸਾਨੂੰ ਵੋਟ ਨਹੀਂ ਪਾਈ ਇਸ ਕਰਕੇ ਉਹ ਕਾਂਗਰਸ ਦੇ ਏਜੰਟ ਹਨ, ਸਾਨੂੰ ਕਿਸੇ ਗੱਲ ਦਾ ਕੋਈ ਮਤਲਬ ਨਹੀਂ ਭਾਵੇਂ ਪੰਥ ਢੱਠੇ ਖੂਹ ਵਿੱਚ ਪਵੇ।ਭਾਈ ਸਰਬਜੀਤ ਸਿੰਘ ਘੁਮਾਣ ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਕੁਲ-ਮਿ਼ਲਾ ਕੇ ਬਾਦਲ ਦਲ ਨੂੰ ਉਹਨਾਂ ਇਲਜ਼ਾਮਾਂ, ਦੋਸ਼ਾਂ, ਗ਼ਲਤੀਆਂ, ਕਾਰਿਆਂ ਤੇ ਗ਼ੁਨਾਹਾਂ ਦਾ ਕੋਈ ਬੋਝ ਨਹੀਂ ਜਿੰਨਾ ਕਰਕੇ ਲੋਕ ਇਹਨਾਂ ਨੂੰ 2017 ਤੇ 2022 'ਚ ਹਰਾ ਚੁੱਕੇ ਹਨ। ਉਹਨਾਂ ਕਿਹਾ ਕਿ ਬਾਦਲਕੇ ਠੋਕ ਵਜਾ ਕੇ ਕਹਿੰਦੇ ਨੇ ਕਿ ਚੋਣਾਂ ਦੀ ਹਾਰ ਜਿੱਤ ਦਾ ਕੋਈ ਅਰਥ ਨਹੀਂ, ਅਸੀ ਜੋ ਕੀਤਾ, ਸਾਡੇ ਵਰਗਾ ਹੋਰ ਕੋਈ ਨਹੀਂ। ਸਾਡੀ ਕੋਈ ਗੱਲ ਗਲਤ ਨਹੀਂ, ਅਸੀ ਸੌ ਪ੍ਰਤੀਸ਼ਤ ਸਹੀ ਹਾਂ।ਆਗੂਆਂ ਨੇ ਕਿਹਾ ਕਿ ਮਤਲਬ ਬਾਦਲਾਂ ਦਾ ਜਦ ਵੀ ਕਦੇ ਦਾਅ ਲੱਗ ਗਿਆ, ਸਰਕਾਰ ਬਣ ਗਈ ਤਾਂ ਬਾਦਲਕੇ ਓਹੀ ਕੁਝ ਕਰਨਗੇ ਜੋ ਕੁਝ ਪਹਿਲਾਂ ਕਰਦੇ ਰਹੇ ਹਨ। ਵੱਡੇ ਬਾਦਲ ਨੇ ਸੁਖਬੀਰ ਨੂੰ ਇਹੀ ਅਕਲ ਦਿੱਤੀ ਹੈ ਕਿ ਇਹੀ ਪੰਜਾਬ ਦੇ ਲੋਕ 1978 'ਚ ਮੈਥੋਂ ਦੁਖੀ ਹੋ ਕੇ 1980 ਵਿੱਚ ਕਾਂਗਰਸ ਲਿਆਏ ਸਨ, ਫੇਰ 2002 ਵਿੱਚ ਵੀ ਮੇਰੇ ਤੋਂ ਦੁਖੀ ਹੋ ਕੇ ਕਾਂਗਰਸ ਲਿਆਏ ਪਰ ਹਰ ਵਾਰ ਮੇਰੇ ਤੋਂ ਦੁਖੀ ਇਹ ਲੋਕ ਵਾਪਸ ਮੈਨੂੰ ਹੀ ਮੁੱਖ ਮੰਤਰੀ ਬਣਾਉਣ ਤੁਰ ਪੈਂਦੇ ਹਨ। ਇਹ ਪੰਜਾਬ ਦੇ ਲੋਕਾਂ ਨੇ ਕਦੇ ਚੇਤੇ ਨਹੀਂ ਰੱਖਣਾ ਕਿ ਬਾਦਲ ਪਰਿਵਾਰ ਨੇ ਕੀ-ਕੀ ਘਾਣ ਤੇ ਗ਼ਦਾਰੀ ਕੀਤੀ।ਇਸ ਲਈ ਸੁਖਬੀਰ ਬਾਦਲ ਨਿਸ਼ਚਿੰਤ ਹੈ ਕਿ ਇੱਕ ਦਿਨ ਆਪਾਂ ਮੁੱਖ ਮੰਤਰੀ ਬਣ ਹੀ ਜਾਣਾ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਬਾਦਲਾਂ ਨੇ ਅਕਾਲੀ ਦਲ ਦਾ ਸੱਤਿਆਨਾਸ ਕਰ ਦਿੱਤਾ ਹੈ ਅਤੇ ਸ਼੍ਰੋਮਣੀ ਕਮੇਟੀ ਦਾ ਵਕਾਰ ਵੀ ਰੋਲ ਦਿੱਤਾ ਹੈ।ਉਹਨਾਂ ਕਿਹਾ ਕਿ ਬਹਿਬਲ ਕਲਾਂ ਅਤੇ ਚੰਡੀਗੜ੍ਹ 'ਚ ਲੱਗੇ ਮੋਰਚੇ ਵੀ ਬਾਦਲਾਂ ਵੱਲੋਂ ਦਿੱਤੇ ਸਿੱਖਾਂ ਨੂੰ ਸੰਤਾਪ ਹਨ, ਜੇ ਬਾਦਲਕੇ ਚੰਗੇ ਹੁੰਦੇ ਤਾਂ ਸਿੱਖਾਂ ਨੂੰ ਸੰਘਰਸ਼ ਅਤੇ ਮੋਰਚੇ ਨਾ ਲਾਉਣੇ ਪੈਂਦੇ।

## ਵਿਸ਼ਵ ਹਿੰਦੂ ਪਰਿਸ਼ਦ ਵੱਲੋਂ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੀ ਮਾਨਤਾ ਰੱਦ ਕਰਨ ਦੀ ਮੰਗ

ਨਵੀਂ ਦਿੱਲੀ:-ਵਿਸ਼ਵ ਹਿੰਦੂ ਪਰਿਸ਼ਦ ਨੇ ਇੱਥੇ ਕਿਹਾ ਕਿ ਚੋਣ ਕਮਿਸ਼ਨ ਨੂੰ ਸਮਾਜਵਾਦੀ ਪਾਰਟੀ (ਸਪਾ) ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੀ ਮਾਨਤਾ ਰੱਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ 'ਰਾਮਚਰਿਤਮਾਨਸ' ਸਬੰਧੀ ਅਪਮਾਨਜਨਕ ਟਿੱਪਣੀਆਂ ਕਰਨ ਵਾਲੇ ਨੇਤਾਵਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਕੇ ਉਨ੍ਹਾਂ 'ਬੁਨਿਆਦੀ ਸ਼ਰਤਾਂ' ਦੀ ਉਲੰਘਣਾ ਕੀਤੀ ਹੈ, ਜਿਸ ਤਹਿਤ ਉਨ੍ਹਾਂ ਨੂੰ ਸਿਆਸੀ ਪਾਰਟੀਆਂ ਵਜੋਂ ਰਜਿਸਟਰਡ ਕੀਤਾ ਗਿਆ ਸੀ।

## ਜੈਪੁਰ 'ਚ ਹਿੰਦੂਤਵੀ ਸਮੂਹਾਂ ਨੇ ਹਿੰਦੂ ਰਾਸ਼ਟਰ ਲਈ 1100 ਨੌਜਵਾਨਾਂ ਨੂੰ ਵੰਡੇ ਤ੍ਰਿਸ਼ੂਲ



ਜੈਪੁਰ- ਹਿੰਦੂਤਵੀ ਜਥੇਬੰਦੀਆਂ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਅਤੇ ਬਜਰੰਗ ਦਲ ਨੇ ਰਾਜਿਸਥਾਨ ਦੇ ਸ਼ਹਿਰ ਜੈਪੁਰ ਵਿਖੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੱਦੇ ਦੇ ਬਾਅਦ ਲਗਭਗ 1100 ਹਿੰਦੂ ਨੌਜਵਾਨਾਂ ਨੂੰ ਤ੍ਰਿਸ਼ੂਲ ਵੰਡੇ।ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ ਹੈ।23 ਜਨਵਰੀ ਨੂੰ, ਇੱਕ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਪ੍ਰਚਾਰਕ (ਪ੍ਰਚਾਰਕ) ਈਸ਼ਵਰ ਲਾਲ ਨੇ ਰਾਜਸਥਾਨ ਦੇ ਲੋਹਵਤ ਜ਼ਿਲ੍ਹੇ ਵਿੱਚ ਤ੍ਰਿਸ਼ੂਲ ਵੰਡੇ ਸਨ।ਇਸ ਸਮੇਂ ਕਿਹਾ ਗਿਆ ਕਿ ਭਾਰਤ ਵਿੱਚ ਤੀਹ ਹਜ਼ਾਰ ਮੰਦਰ ਢਾਹ ਕੇ ਮਸਜਿਦਾਂ ਬਣਾਈਆਂ ਗਈਆਂ ਸਨ। ਤੁਸੀਂ ਉਨ੍ਹਾਂ ਨੂੰ ਵਾਪਸ ਮੰਦਰਾਂ ਵਿੱਚ ਬਦਲਣਾ ਚਾਹੁੰਦੇ ਹੋ ਜਾਂ ਨਹੀਂ? ਅਸੀਂ ਰਾਮ ਮੰਦਰ ਬਣਾ ਲਿਆ, 30,000 ਮਸਜਿਦਾਂ ਨੂੰ ਵੀ ਮੰਦਰਾਂ ਵਿੱਚ ਤਬਦੀਲ ਕਰਨਾ ਹੈ।ਸਾਨੂੰ ਆਪਣੀਆਂ ਜ਼ਮੀਨਾਂ ਵਾਪਸ ਲੈਣੀਆਂ ਪੈਣਗੀਆਂ"।


TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਭਾਰਤੀ ਸਟੇਟ ਨੂੰ ਰੱਦ ਕਰ ਚੁੱਕੇ ਨੇ ਸਿੱਖ, ਅਵੱਸ਼ ਬਣੇਗਾ ਖ਼ਾਲਿਸਤਾਨ:ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

# ਸ਼ਹੀਦ ਭਾਈ ਸਰਵਨ ਸਿੰਘ ਲਾਧੂਪਰ ਦੀ ਯਾਦ ’ਚ ਕਰਵਾਇਆ ਸ਼ਹੀਦੀ ਸਮਾਗਮ



ਅੰਮ੍ਰਿਤਸਰ:-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਵੱਲੋਂ ਅਰੰਭੇ ਖ਼ਾਲਿਸਤਾਨ ਦੇ ਹਥਿਆਰਬੰਦ ਸੰਘਰਸ਼ ’ਚ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਖ਼ਾਲਿਸਤਾਨੀ ਜੁਝਾਰੂ ਸ਼ਹੀਦ ਭਾਈ ਸਰਵਨ ਸਿੰਘ ਲਾਧੂਪਰ ਦੀ ਯਾਦ ’ਚ ਉਹਨਾਂ ਦੇ ਪਿੰਡ ਲਾਧੂਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਬਾਪੂ ਗੁਰਚਰਨ ਸਿੰਘ ਫਰੀਡਮ ਫਾਈਟਰ ਚੈਰੀਟੇਬਲ ਟਰੱਸਟ ’ਚ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਢਾਡੀ ਭਾਈ ਅਜੀਤ ਸਿੰਘ ਦਰਦੀ ਦੇ ਜਥੇ ਨੇ ਜੋਸ਼ੀਲੀਆਂ ਵਾਰਾਂ ਤੇ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ, ਅਕਾਲ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਨਰਾਇਣ ਸਿੰਘ ਚੌੜਾ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸ਼ਹੀਦ ਭਾਈ ਪਰਮਜੀਤ ਸਿੰਘ ਤੁਗਲਵਾਲਾ ਦੀ ਸੁਪਤਨੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ, ਕਿਸਾਨ ਆਗੂ ਭਾਈ ਮਨਜੀਤ ਸਿੰਘ ਰਾਏ, ਭਾਈ ਬੂਟਾ ਸਿੰਘ ਸ਼ਾਦੀਪੁਰ, ਪੰਥਕ ਆਗੂ ਭਾਈ ਹਰਬੰਸ ਸਿੰਘ ਮੰਝਪੁਰ, ਪ੍ਰਿੰਸੀਪਲ ਸ. ਸਵਰਨ ਸਿੰਘ ਵਿਰਕ ਆਦਿ ਨੇ ਵਿਚਾਰ ਸਾਂਝੇ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ। ਇਸ ਮੌਕੇ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਜੋਸ਼ੀਲੀ ਤਕਰੀਰ ਕਰਦਿਆਂ ਕਿਹਾ ਕਿ 1947 ’ਚ ਸਿੱਖ ਕੌਮ ਗੋਰਿਆਂ ਦੀ ਗ਼ੁਲਾਮੀ ਮਗਰੋਂ ਕਾਲ਼ਿਆਂ ਦੀ ਗ਼ੁਲਾਮੀ ’ਚ ਜਕੜੀ ਗਈ ਸੀ। ਉਹਨਾਂ ਕਿਹਾ ਕਿ ਜਾਗਦੀ ਜ਼ਮੀਰ ਵਾਲ਼ੇ ਸਿੱਖਾਂ ਨੇ ਉਸ ਭਾਰਤੀ ਸਟੇਟ ਨੂੰ ਹਮੇਸ਼ਾਂ ਲਈ ਰੱਦ ਕਰ ਦਿੱਤਾ ਹੈ, ਜਿਸ ਨੇ ਜੂਨ 1984 ’ਚ ਸਾਡਾ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਤੇ ਸਾਡੀ ਬਰਬਾਦੀ ’ਤੇ ਲੱਡੂ ਵੰਡੇ। ਉਹਨਾਂ ਕਿਹਾ ਕਿ ਦਰਬਾਰ ਸਾਹਿਬ ਦੇ ਹਮਲੇ ਨਾਲ਼ ਖ਼ਾਲਿਸਤਾਨ ਦੀ ਨੀਂਹ ਰੱਖੀ ਗਈ ਸੀ ਤੇ ਖ਼ਾਲਿਸਤਾਨ ਅਵੱਸ਼ ਹੋਂਦ ’ਚ ਆਵੇਗਾ। ਉਹਨਾਂ ਕਿਹਾ ਕਿ ਅਸੀਂ ਅਜਿਹਾ ਰਾਜ-ਭਾਗ ਸਿਰਜਣਾ ਚਾਹੁੰਦੇ ਹਨ ਜਿੱਥੇ ਸਿੱਖ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਸਰ ਕਰ ਸਕਣ, ਜਿੱਥੇ ਸਿੱਖ ਅਜ਼ਾਦੀ ਦਾ ਨਿੱਘ ਮਾਣ ਸਕਣ, ਜਿੱਥੇ ਸਾਡਾ ਧਰਮ ਪ੍ਰਫੁੱਲਤ ਹੋਵੇ, ਸਾਡੇ ਧਰਮ ਸਥਾਨਾਂ ਤੇ ਧਰਮ ਗ੍ਰੰਥਾਂ ’ਤੇ ਹਮਲੇ ਕਰਨ ਦਾ ਕੋਈ ਹੀਆ ਨਾ ਕਰ ਸਕੇ, ਕੁਦਰਤੀ ਸ੍ਰੋਤਾਂ ਨੂੰ ਕੋਈ ਲੁੱਟ ਨਾ ਸਕੇ ਤੇ ਉਹਨਾਂ ਦੇ ਧਾਰਮਿਕ ਮਾਮਲਿਆਂ ’ਚ ਕੋਈ ਦਖ਼ਲ-ਅੰਦਾਜੀ ਨਾ ਕਰ ਸਕੇ। ਉਹਨਾਂ ਕਿਹਾ ਕਿ ਸੰਘਰਸ਼ ’ਚ ਆਪਾ ਵਾਰਨੇ ਵਾਲ਼ੇ ਯੋਧੇ ਖ਼ਾਲਿਸਤਾਨ ਦੇ ਸ਼ਹੀਦ ਹਨ ਤੇ ਇਹਨਾਂ ਦੇ ਸ਼ਹੀਦੀ ਸਮਾਗਮਾਂ ’ਚ ਜੇਕਰ ਖ਼ਾਲਿਸਤਾਨ ਦੀ ਗੱਲ ਨਹੀਂ ਕੀਤੀ ਜਾਂਦੀ ਤਾਂ ਇਹ ਸ਼ਹੀਦਾਂ ਨਾਲ਼ ਬੇਇਨਸਾਫ਼ੀ ਹੋਵੇਗੀ। ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਅਸੀਂ ਝੂਠੇ ਪੁਲਿਸ ਮੁਕਾਬਲਿਆਂ ’ਚ ਮਾਰੇ ਗਏ ਹਜ਼ਾਰਾਂ ਸਿੱਖ ਦੇ ਕੇਸ ਅਦਾਲਤਾਂ ’ਚ ਲੜ ਕੇ ਜੱਦੋ-ਜਹਿਦ ਕਰ ਰਹੇ ਹਾਂ ਪਰ ਇਸ ਦੇ ਨਾਲ਼ ਹਕੂਮਤ ਨੂੰ ਦਾਬਾ ਮਾਰਨ ਵਾਲ਼ੇ ਅਤੇ ਕੌਮੀ ਅਜ਼ਾਦੀ ਦੀ ਗੱਲ ਕਰਨ ਵਾਲ਼ੇ ਸਿੱਖ ਜ਼ਰੂਰ ਸੰਘਰਸ਼ਸ਼ੀਲ ਰਹਿਣੇ ਚਾਹੀਦੇ ਹਨ। ਭਾਈ ਨਰਾਇਣ ਸਿੰਘ ਚੌੜਾ ਨੇ ਕਿਹਾ ਕਿ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ 6 ਵਾਰ ਦਿੱਲੀ ਦੀ ਕੇਜਰੀਵਾਲ ਸਰਕਾਰ ਰੱਦ ਕਰ ਚੁੱਕੀ ਹੈ ਜੋ ਸਿੱਖ ਕੌਮ ਨਾਲ਼ ਬੇਇਨਸਾਫ਼ੀ ਹੈ। ਉਹਨਾਂ ਇਹ ਵੀ ਕਿਹਾ ਕਿ ਸਾਡੀ ਲੜਾਈ ਹਿੰਦੁਸਤਾਨ ਨਾਲ਼ ਹੈ। ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੇ ਕਿਹਾ ਕਿ ਸਾਨੂੰ ਸ਼ਹਾਦਤਾਂ ’ਤੇ ਮਾਣ ਹੈ ਤੇ ਇਹ ਲੜਾਈ ਅਸੀਂ ਜਾਰੀ ਰੱਖਾਂਗੇ। ਭਾਈ ਬਖਤਾਵਰ ਸਿੰਘ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ’ਚ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਦਾ ਮਾਇਕੀ ਸਹਾਇਤਾ ਅਤੇ ਸ਼ੀਲਡਾਂ ਨਾਲ ਸਨਮਾਨ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਤੁੱਟ ਵਰਤੇ।

# ਪਿੰਡ ਲਿੱਤਰਾਂ ‘ਚ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਕੀਤਾ ਯਾਦ

## ਪੀੜਤ ਪਰਿਵਾਰ ਨੇ ਆਖਰੀ ਦਮ ਤੱਕ ਇਨਸਾਫ਼ ਲਈ ਲੜਾਈ ਜਾਰੀ ਰੱਖਣ ਦਾ ਕੀਤਾ ਅਹਿਦ



ਜਲੰਧਰ:ਨਕੋਦਰ ਵਿੱਚ 1986 ਨੂੰ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦੌਰਾਨ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਨੂੰ ਸ਼ਰਧਾਂਲੀ ਭੇਟ ਕਰਨ ਲਈ ਪਿੰਡ ਲਿੱਤਰਾਂ ਵਿੱਚ ਸਮਾਗਮ ਕਰਵਾਇਆ ਗਿਆ।ਗੁਰਦੁਆਰਾ ਸਾਹਿਬ ਬੋਹੜ ਵਾਲਾ ਵਿੱਚ ਹੋਏ ਸਮਾਗਮ ਵਿਚ ਪਹੁੰਚੀਆਂ ਧਾਰਮਿਕ ਸਖਸ਼ੀਅਤਾਂ ਨੇ ਇੱਕ ਸੁਰ ਹੁੰਦਿਆ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਦੇ ਰੱਵਈਏ ਵਿੱਚ ਕੋਈ ਬਦਲਾਅ ਨਹੀਂ ਆਇਆ ਸਗੋਂ ਉਸੇ ਤਰ੍ਹਾਂ ਦਾ ਜਿਸ ਤਰ੍ਹਾਂ 37 ਸਾਲ ਪਹਿਲਾਂ 4 ਫਰਵਰੀ 1986 ਨੂੰ ਨਕੋਦਰ ਗੋਲੀ ਕਾਂਡ ਸਮੇਂ ਸੀ।ਬੁਲਾਰਿਆਂ ਨੇ ਕਿਹਾ ਕਿ ਕਿ ਨਕੋਦਰ ਕਾਂਡ ਤਾਂ ਬਰਗਾੜੀ ਕਾਂਡ ਤੋਂ ਵੱਡਾ ਹੈ।ਉਨ੍ਹਾਂ ਸ਼੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਪੈਰਵਾਈ ਕਰਨੀ ਚਾਹੀਦੀ ਸੀ।

ਬੁਲਾਰਿਆਂ ਨੇ ਇਸ ਗੱਲ ‘ਤੇ ਹੈਰਾਨੀ ਪ੍ਰਗਟਾਈ ਕਿ ਆਪਣੇ ਆਪ ਨੂੰ ਪੰਥਕ ਅਖਵਾਉਂਦੀ ਬਾਦਲ ਸਰਕਾਰ ਨੇ 15 ਸਾਲ ਰਾਜ ਕੀਤਾ ਪਰ ਗੁਰੂ ਦੀ ਅਜ਼ਮਤ ਵਾਸਤੇ ਸ਼ਹੀਦ ਹੋਣ ਵਾਲੇ ਪਰਿਵਾਰਾਂ ਨੂੰ ਇਨਸਾਫ ਨਹੀਂ ਦਿੱਤਾ।

ਇਸ ਸਮਾਗਮ ਨੂੰ ਭਾਈ ਦਲਜੀਤ ਸਿੰਘ,ਸੁਖਵਿੰਦਰ ਸਿੰਘ ਖਾਲਸਾ,ਨਿਰੰਜਣ ਸਿੰਘ ਡਰੋਲੀ,ਪਰਮਜੀਤ ਸਿੰਘ ਗਾਜ਼ੀ,ਚਰਨਜੀਤ ਸਿੰਘ,ਗਗਨਦੀਪ ਸਿੰਘ ਬਾਗੀ,ਸੁਖਦੇਵ ਸਿੰਘ ਫਗਵਾੜਾ,ਅਜਾਇਬ ਸਿੰਘ ਗਰਚਾ ਨੇ ਆਪੋ -ਆਪਣੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਇਹ ਚਾਰੇ ਸਿੱਖ ਨੌਜਵਾਨ ਪਰਿਵਾਰਾਂ ਦੇ ਨਹੀਂ ਸਗੋਂ ਸਮੁੱਚੀ ਸਿੱਖ ਕੌਮ ਦੇ ਸ਼ਹੀਦ ਹਨ। ਇਹ ਚਾਰੇ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ,ਭਾਈ ਝਿਲਮਣ ਸਿੰਘ ਗੌਰਸੀਆਂ ਅਤੇ ਭਾਈ ਹਰਮਿੰਦਰ ਸਿੰਘ ਚਲੂਪਰ ਲਾਇਲਪੁਰਾ ਖਾਲਸਾ ਕਾਲਜ ਦੇ ਵਿਦਿਆਰਥੀਆਂ ਵੀ ਸਨ। ਨਿਰੰਜਣ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਹਿਰਖ਼ ਹੈ ਕਿ ਖਾਲਸਾ ਕਾਲਜ ਨੇ ਗੁਰੂ ਗ੍ਰੰਥ ਸਾਹਿਬ ਲਈ ਸ਼ਾਹਦਤ ਦੇਣ ਵਾਲੇ ਇੰਨ੍ਹਾਂ ਚਾਰੇ ਸਿੱਖ ਨੌਜਵਾਨਾਂ ਨੂੰ ਵਿਸਾਰ ਦਿੱਤਾ ਹੈ।ਬੁਲਾਰਿਆਂ ਨੇ ਕਿਹਾ ਕਿ ਹੁਣ ਇੰਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਅਮਰੀਕਾ,ਕਨੇਡਾ,ਇੰਗਲੈਂਡ,ਜਰਮਨੀ,ਫਰਾਂਸ ਸਮੇਤ ਹੋਰ ਦੇਸ਼ ਵਿੱਚ ਵੀ ਸਮਾਗਮ ਹੋ ਰਹੇ ਹਨ ਤੇ ਇਸ ਮਾਮਲੇ ਨੂੰ ਸਿੱਖ ਕੌਮ ਨੇ ਯੂਐਨਓ ਤੱਕ ਪਹੁੰਚਾਉਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ।ਯੂਐਨਓ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਬਣੀ ਕੌਂਸਲ ਦੇ 43 ਵੇਂ ਸ਼ੈਸ਼ਨ ਦੌਰਾਨ ਸਾਕਾ ਨਕੋਦਰ ਦਾ ਮਾਮਲਾ ਯੂਕੇ ਵਿੱਚ ਰਹਿੰਦੇ ਡਾ: ਇਕਤਿਦਾਰ ਕਰਾਮਤ ਚੀਮਾ ਨੇ ਉਠਾਇਆ ਸੀ ਤੇ ਉਹ ਇਸ ਕੇਸ ਦੀ ਪੈਰਵਾਈ ਵੀ ਕਰ ਰਹੇ ਹਨ।


AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator * LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



T&S Transportation
Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

# ਬੰਦੀ ਸਿੰਘ ਖਾਲਿਸਤਾਨ ਦੇ ਸੰਘਰਸ਼ ਨੂੰ ਸਮਰਪਿਤ ਹਨ, ਖਾਲਿਸਤਾਨ ਦੇ ਸੰਕਲਪ ਨੂੰ ਮੋਰਚੇ ਵਿਚੋਂ ਮਨਫੀ ਕਰਕੇ ਕੋਈ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ:ਹਰਦੀਪ ਸਿੰਘ ਨਿੱਝਰ



ਭਾਰਤ ਦੀਆਂ ਵੱਖੋ ਵੱਖ ਜੇਲਾ ਵਿੱਚ ਬੰਦ ਸਿੱਖ ਖਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਕਰਕੇ ਭਾਰਤ ਦੀ ਸਰਕਾਰ ਵੱਲੋਂ ਜੇਲਾ ਵਿੱਚ ਕੈਦ ਹਨ।ਉਨ੍ਹਾਂ ਨੇ ਇਹ ਕੈਦਾਂ ਅਤੇ ਤਸੀਹੇ ਖਾਲਿਸਤਾਨ ਦੇ ਸੋਚ ਦੇ ਹਾਮੀ ਹੋਣ ਕਾਰਨ ਸਹਿਣ ਕੀਤੇ ਹਨ। ਜੇਕਰ ਅੱਜ ਕੁਝ ਲੋਕ ਖਾਲਿਸਤਾਨ ਦੀ ਅਜ਼ਾਦੀ ਦੇ ਸੰਕਲਪ ਨੂੰ ਅੱਖੋਂ ਪਰੋਖੇ ਕਰਕੇ ਸਰਕਾਰ ਨਾਲ ਸਮਝੌਤਾ ਕਰਕੇ ਬੰਦੀ ਸਿੰਘਾਂ ਦਾ ਨਾਮ ਵਰਤਕੇ ਆਪਣੀ ਰਾਜਨੀਤਿਕ ਪੈਂਠ ਬਣਾਉਣਾ ਚਾਹੁੰਦੇ ਹਨ।ਜਿੰਨਾ ਵਿੱਚ ਵਿਦੇਸ਼ਾਂ ਵਿੱਚ ਬੈਠੇ ਕੁਝ ਸਾਬਕਾ ਪੰਥਕ ਕਹਾਉਣ ਵਾਲੇ ਲੋਕ ਵੀ ਸ਼ਾਮਿਲ ਹਨ ਅਜਿਹੇ ਲੋਕਾਂ ਨੂੰ ਪੰਥ ਦੇ ਗ਼ੱਦਾਰ ਮੰਨਿਆ ਜਾਵੇਗਾ ਜੋ ਸਰਕਾਰ ਦੇ ਝੋਲੀਚੁਕ ਹਨ ਤੇ ਹਰ ਸਮੇਂ ਆਪਣੇ ਨਿੱਜੀ ਮੁਫ਼ਾਦਾਂ ਲਈ ਪੰਥ ਨੂ ਢਾਅ ਲਾਉਣ ਦਾ ਯਤਨ ਕਰਦੇ ਹਨ।ਸਾਡੀ ਕੌਮ ਦੇ ਬੱਬਰ ਸ਼ੇਰ ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਖੁਦ ਵੀ ਆਪਣੇ ਵਕੀਲ ਰਾਹੀ ਬਿਆਨ ਜਾਰੀ ਕਰ ਚੁੱਕੇ ਹਨ ਕਿ ਸਾਡਾ ਜੀਵਨ ਖਾਲਿਸਤਾਨ ਦੇ ਸੰਘਰਸ਼ ਦੇ ਨਾਮ ਹੈ, ਅਸੀਂ ਭਾਰਤ ਦੀ ਸਰਕਾਰ ਨਾਲ ਕਦੀ ਵੀ ਕਿਸੇ ਤਰਾਂ ਦਾ ਸਮਝੌਤਾ ਕਰਕੇ ਰਿਹਾਈ ਨਹੀਂ ਮੰਗਦੇ।ਪਰ ਉਨ੍ਹਾਂ ਸਿੰਘਾ ਦੇ ਨਾਮ ਤੇ ਕੌਮ ਨੂੰ ਗੁੰਮਰਾਹ ਕਰਨ ਦਾ ਯਤਨ ਕਰਨ ਵਾਲੇ ਆਪਣਾ ਪੜਿਆ ਵਿਚਾਰ ਲੈਣ।ਖ਼ਾਲਿਸਤਾਨ ਦੀ ਅਜ਼ਾਦੀ ਸਾਡਾ ਕੌਮੀ ਨਿਸ਼ਾਨਾ ਹੈ, ਇਸ ਨਿਸ਼ਾਨੇ ਤੋਂ ਨੌਜੁਆਨੀ ਨੂੰ ਭਟਕਾਉਣ ਦਾ ਯਤਨ ਕਰਨ ਵਾਲਿਆਂ ਨੂੰ ਕੌਮ ਕਦੀ ਮੁਆਫ ਨਹੀਂ ਕਰੇਗੀ। ਕੌਮ ਦੀ ਨੌਜੁਆਨੀ ਸੁਚੇਤ ਹੋ ਚੁੱਕੀ ਹੈ ਸਰਕਾਰ ਦੇ ਝੋਲੀਚੁਕਾਂ ਨੂੰ ਆਪਣੇ ਮਕਸਦ ਵਿੱਚ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਗ਼ੱਦਾਰਾਂ ਦਾ ਅੰਤ ਨੂੰ ਖ਼ਾਲਸੇ ਪੰਥ ਨੇ ਸਦਾ ਸੋਧਾ ਲਾਇਆ ਹੈ, ਕੌਮ ਨਾਲ ਗਦਾਰੀ ਕਰਨ ਵਾਲੇ ਕਦੀ ਵੀ ਸੇਫ ਨਹੀਂ ਰਹਿ ਸਕਣਗੇ।ਦਾਸ ਵਲੋਂ ਬੰਦੀ ਸਿੰਘ ਰਿਹਾਈ ਮੋਰਚਾ ਕਮੇਟੀ ਨੂੰ ਬੇਨਤੀ ਹੈ ਕਿ ਖਾਲਿਸਤਾਨ ਦਾ ਵਿਰੋਧ ਕਰਨ ਵਾਲਿਆਂ ਨੂੰ ਕਮੇਟੀ ਵਾਲੇ ਆਪ ਮੋਰਚੇ ਤੋਂ ਬਾਹਰ ਕਰਨ ਨਹੀਂ ਤਾਂ ਕੱਲ ਨੂੰ ਜੇ ਨੌਜੁਆਨਾ ਤੇ ਸੰਗਤਾਂ ਦਾ ਵਿਰੋਧ ਝੱਲਣ ਲਈ ਤਿਆਰ ਰਹਿਣ।

# ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦਾ ਦੇਹਾਂਤ



ਦੁਬਈ:ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ (79 ) ਦਾ ਲੰਮੀ ਬਿਮਾਰੀ ਤੋਂ ਬਾਅਦ ਦੁਬਈ 'ਚ ਦੇਹਾਂਤ ਹੋ ਗਿਆ।ਉਨ੍ਹਾਂ ਦਾ ਅਮਰੀਕੀ ਹਸਪਤਾਲ 'ਚ ਇਲਾਜ ਚੱਲ ਰਿਹਾ ਸੀ । ਉਹ 20 ਜੂਨ 2001 ਤੋਂ 18 ਅਗਸਤ 2008 ਤੱਕ ਰਾਸ਼ਟਰਪਤੀ ਰਹੇ।ਮਈ 2016 ਵਿਚ ਅਦਾਲਤ ਵੱਲੋਂ ਦੇਸ਼ਧ੍ਰੋਹ ਦੇ ਦੋਸ਼ ਤੈਅ ਕਰਨ ਤੋਂ ਬਾਅਦ ਉਹ ਦੁਬਈ ਚਲੇ ਗਏ ਸਨ ਤੇ ਉਨ੍ਹਾ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ ।ਜੂਨ 2022 ਵਿਚ ਉਨ੍ਹਾ ਦੇ ਪਰਵਾਰ ਨੇ ਕਿਹਾ ਸੀ ਕਿ ਉਹ ਅਮਾਈਲਾਇਡੋਸਿਸ ਨਾਂਅ ਦੀ ਬੀਮਾਰੀ ਨਾਲ ਜੂਝ ਰਹੇ ਹਨ।ਇਸ ਨਾਲ ਉਨ੍ਹਾ ਦੇ ਕਈ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ।ਇਸ ਬਿਮਾਰੀ ਨਾਲ ਇਨਸਾਨ ਦੇ ਸਰੀਰ 'ਚ ਅਮਾਈਲਾਇਡ ਨਾਂਅ ਦਾ ਪ੍ਰੋਟੀਨ ਬਣਨ ਲੱਗਦਾ ਹੈ, ਜਿਹੜਾ ਦਿਲ, ਕਿਡਨੀ, ਲਿਵਰ, ਨਰਵਸ ਸਿਸਟਮ ਤੇ ਦਿਮਾਗ ਆਦਿ ਵਿਚ ਜਮ੍ਹਾਂ ਹੋਣ ਲੱਗਦਾ ਹੈ, ਜਿਸ ਕਰਕੇ ਇਨ੍ਹਾਂ ਅੰਗਾਂ ਦੇ ਟਿਸ਼ੂ ਕੰਮ ਨਹੀਂ ਕਰ ਪਾਉਂਦੇ।ਕਾਲਜ ਦੀ ਪੜ੍ਹਾਈ ਖਤਮ ਕਰਨ ਦੇ ਬਾਅਦ 21 ਸਾਲ ਦੀ ਉਮਰ 'ਚ ਉਹ ਜੂਨੀਅਰ ਅਫਸਰ ਵਜੋਂ ਫੌਜ 'ਚ ਭਰਤੀ ਹੋਏ।1965 ਵਿਚ ਉਹ ਭਾਰਤ ਖਿਲਾਫ ਜੰਗ ਲੜੇ।1971 ਦੀ ਭਾਰਤ ਵਿਰੁੱਧ ਜੰਗ ਵਿਚ ਉਨ੍ਹਾ ਦੀ ਅਹਿਮ ਭੂਮਿਕਾ ਰਹੀ। ਸਰਕਾਰ ਨੇ ਉਨ੍ਹਾ ਨੂੰ ਕਈ ਵਾਰ ਤਰੱਕੀ ਦਿੱਤੀ ਤੇ 1998 ਵਿਚ ਜਨਰਲ ਬਣਾ ਦਿੱਤਾ।ਉਨ੍ਹਾਂ ਭਾਰਤ ਖਿਲਾਫ ਕਾਗਗਿਲ ਜੰਗ ਦੀ ਸਾਜ਼ਿਸ਼ ਰਚੀ।ਉਨ੍ਹਾਂ ਆਪਣੀ ਪੁਸਤਕ 'ਇਨ ਦੀ ਲਾਈਨ ਆਫ ਫਾਇਰ—ਏ ਮੇਮਾਇਰ' ਵਿਚ ਮੁਸ਼ੱਰਫ ਨੇ ਲਿਖਿਆ ਸੀ ਕਿ ਉਨ੍ਹਾ ਕਾਗਗਿਲ 'ਤੇ ਕਬਜ਼ਾ ਕਰਨ ਦੀ ਸਹੁੰ ਖਾਧੀ ਸੀ, ਪਰ ਵੇਲੇ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਕਰਕੇ ਅਜਿਹਾ ਨਹੀਂ ਕਰ ਸਕੇ।ਨਵਾਜ਼ ਸ਼ਰੀਫ ਨੇ 1998 ਵਿਚ ਉਨ੍ਹਾ ਨੂੰ ਜਨਰਲ ਬਣਾਇਆ ਸੀ ਤੇ ਮੁਸ਼ੱਰਫ ਨੇ 1999 ਵਿਚ ਉਨ੍ਹਾ ਦਾ ਤਖਤਾ ਪਲਟ ਦਿੱਤਾ ਸੀ।ਨਵਾਜ਼ ਸ਼ਰੀਫ ਨੂੰ ਪਰਵਾਰ ਸਣੇ ਦੇਸ਼ ਛੱਡਣਾ ਪਿਆ ਸੀ।ਮੁਸ਼ੱਰਫ ਦਾ ਜਨਮ 1943 ਵਿਚ ਦਿੱਲੀ 'ਚ ਹੋਇਆ ਸੀ। ਉਨ੍ਹਾ ਦੇ ਦਾਦਾ ਟੈਕਸ ਕੁਲੈਕਟਰ ਤੇ ਪਿਤਾ ਅੰਗਰੇਜ਼ ਹਕੂਮਤ ਦੇ ਵੱਡੇ ਅਫਸਰ ਰਹੇ । ਮੁਸ਼ੱਰਫ ਪਰਵਾਰ ਦੀ ਪੁਰਾਣੀ ਦਿੱਲੀ ਵਿਚ ਵੱਡੀ ਹਵੇਲੀ ਸੀ ।






# ਹਿੰਦੁਸਤਾਨ ਦੀ ਸ਼ਾਨ ਖ਼ਰਾਬ ਕੌਣ ਕਰ ਰਿਹਾ ਹੈ, ਅਡਾਨੀ ਜਾਂ ਉਸ ਦਾ 'ਘਪਲਾ' ਪ੍ਰਗਟ ਕਰਨ ਵਾਲੇ?

ਅਡਾਨੀ ਸਿਸਟਮ ਦਾ ਸੱਚ ਸਾਹਮਣੇ ਆ ਰਿਹਾ ਹੈ।ਜਦਕਿ ਭਾਰਤੀ ਮੀਡੀਆ ਨੇ ਅਰਬਾਂ ਖਰਬਾਂ ਦੀ ਬੇਈਮਾਨੀ ਦੀ ਰੀਪੋਰਟ ਬਾਰੇ ਗੱਲ ਹੀ ਨਹੀਂ ਕੀਤੀ ਪਰ ਅੰਤਰਰਾਸ਼ਟਰੀ ਅਤੇ ਨਿਵੇਸ਼ਕਾਰਾਂ ਨੇ ਇਸ ਰੀਪੋਰਟ ਨੂੰ ਸੰਜੀਦਗੀ ਨਾਲ ਲਿਆ ਤੇ ਅਪਣਾ ਪੈਸਾ ਅਡਾਨੀ ਦੇ ਕਾਰੋਬਾਰ ਵਿਚ ਲਾਉਣ ਤੋਂ ਇਨਕਾਰ ਕਰ ਦਿਤਾ ਹੈ। ਐਨ.ਡੀ.ਟੀ.ਵੀ. ਨੂੰ ਵੀ ਕੁੱਝ ਮਹੀਨੇ ਪਹਿਲਾਂ ਅਡਾਨੀ ਨੇ ਖ਼ਰੀਦ ਲਿਆ ਸੀ ਜਿਸ ਕਾਰਨ ਅੱਜ ਦਾ ਸਾਰਾ ਵੱਡਾ ਮੀਡੀਆ ਕਿਸੇ ਨਾ ਕਿਸੇ ਕਾਰਪੋਰੇਟ ਘਰਾਣੇ ਦੀ ਜਾਇਦਾਦ ਬਣ ਚੁੱਕਾ ਹੈ। ਜਦ ਹਿੰਡਨਬਰਗ ਦੀ ਖੋਜ ਆਈ ਤਾਂ ਐਨ.ਡੀ.ਟੀ.ਵੀ. ਵਿਚ ਬਚੇ ਖੁਚੇ ਪੱਤਰਕਾਰਾਂ ਨੇ ਵੀ ਅਸਤੀਫ਼ਾ ਦੇਣਾ ਸ਼ੁਰੂ ਕਰ ਦਿਤਾ ਕਿਉਂਕਿ ਉਨ੍ਹਾਂ ਨੂੰ ਇਸ ਵੱਡੀ ਖ਼ਬਰ ਬਾਰੇ ਗੱਲ ਕਰਨ ਦੀ ਇਜਾਜ਼ਤ ਹੀ ਨਹੀਂ ਸੀ।

ਜਦ ਯੂ.ਪੀ.ਏ. ਦੇ ਦੌਰ ਵਿਚ 500 ਕਰੋੜ ਦੇ ਘਪਲੇ ਦੀ ਗੱਲ ਹੋਈ ਸੀ ਤਾਂ ਸਬੂਤਾਂ ਵਲ ਵੇਖੇ ਬਿਨਾਂ ਹੀ, ਮੀਡੀਆ ਪਾਗਲ ਹੋ ਗਿਆ ਸੀ ਅਤੇ ਅਰਨਬ ਗੋਸਵਾਮੀ ਚੀਕ ਚੀਕ ਕੇ ਆਖਦਾ ਸੀ,''ਰਾਸ਼ਟਰ ਜਾਣਨਾ ਚਾਹੁੰਦਾ ਹੈ'' ਪਰ ਅੱਜ 500 ਕਰੋੜ ਦੇ ਘਪਲੇ (ਜੋ ਕਿ ਬਾਅਦ ਵਿਚ ਸੁਪਰੀਮ ਕੋਰਟ ਨੇ ਹੀ ਆਖ ਦਿਤਾ ਕਿ ਉਹ ਘਪਲਾ ਨਹੀਂ ਸੀ) ਦੀ ਗੱਲ ਨਹੀਂ ਬਲਕਿ ਇਕ ਅਜਿਹੀ ਕੰਪਨੀ ਵਲੋਂ ਕੀਤੇ ਘਪਲੇ ਦੀ ਗੱਲ ਸੀ ਜਿਸ ਨਾਲ ਸਿਰਫ਼ ਘਪਲੇਬਾਜ਼ ਦਾ ਹੀ ਨਹੀਂ ਬਲਕਿ ਸਾਰੇ ਭਾਰਤ ਦਾ ਅਰਬਾ ਖਰਬਾ ਵਿਗੜਦਾ ਪ੍ਰਤੀਤ ਹੋ ਰਿਹਾ ਹੈ।

ਅਡਾਨੀ ਦੀ ਰੀਪੋਰਟ ਤੋਂ ਬਾਅਦ ਭਾਰਤ ਦੀ ਸ਼ੇਅਰ ਮਾਰਕੀਟ ਨੂੰ ਨੁਕਸਾਨ ਹੋ ਰਿਹਾ ਹੈ। ਯਾਨੀ ਛੋਟੇ ਆਮ ਭਾਰਤੀ ਨੂੰ ਤੇ ਅਡਾਨੀ ਨੂੰ ਬਚਾਉਣ ਵਾਸਤੇ ਇਸ ਖ਼ਬਰ ਨੂੰ ਮੀਡੀਆ ਵਿਚ ਚੁਕਣ ਦੀ ਇਜਾਜ਼ਤ ਨਹੀਂ ਹੈ। ਪੰਜਾਬ ਨੈਸ਼ਨਲ ਬੈਂਕ ਨੇ ਅਡਾਨੀ ਸੰਗਠਨ ਨੂੰ 78 ਹਜ਼ਾਰ ਕਰੋੜ ਦਾ ਕਰਜ਼ਾ ਦਿਤਾ ਹੈ ਅਤੇ ਸੈਂਟਰਲ ਬੈਂਕ ਨੇ 26 ਹਜ਼ਾਰ ਕਰੋੜ ਦਾ ਕਰਜ਼ਾ ਦਿਤਾ ਹੈ। ਜੇ ਹਿੰਡਨਬਰਗ ਦੀ ਖੋਜ ਸਹੀ ਸਾਬਤ ਵੀ ਹੋ ਗਈ ਤਾਂ ਵੀ ਸਾਰਾ ਪੈਸਾ ਸ਼ਾਇਦ ਵਾਪਸ ਨਹੀਂ ਆ ਸਕੇਗਾ। ਇਨ੍ਹਾਂ ਤਿੰਨ ਦਿਨਾਂ ਵਿਚ ਹੀ ਅਡਾਨੀ ਸੰਗਠਨ ਨੇ 5 ਲੱਖ 74 ਹਜ਼ਾਰ ਕਰੋੜ ਦਾ ਨੁਕਸਾਨ ਸਹਿਣਾ ਪਿਆ ਹੈ।

ਹੁਣ ਹਿੰਡਨਬਰਗ ਨੇ ਬੜੀ ਵੱਡੀ ਖੋਜ 'ਚੋਂ ਨਿਕਲੇ 88 ਸਵਾਲ ਅਡਾਨੀ ਸੰਗਠਨ ਤੋਂ ਪੁੱਛੇ ਹਨ ਪਰ ਅਡਾਨੀ ਨੇ ਸਿਰਫ਼ 62 ਦੇ ਜਵਾਬ ਦਿਤੇ ਹਨ ਅਤੇ ਭਾਰਤ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਹਿ ਕੇ ਅਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਿੰਡਨਬਰਗ ਨੇ ਤੱਥਾਂ ਸਹਿਤ ਅਡਾਨੀ ਵਲੋਂ ਪੈਸੇ ਅਪਣੀਆਂ ਕੰਪਨੀਆਂ ਵਿਚੋਂ ਵਿਦੇਸ਼ਾਂ 'ਚ ਅਪਣੇ ਭਰਾ ਤੇ ਚੀਨ ਦੇ ਇਕ ਨਾਗਰਿਕ ਦੀਆਂ ਓਹ ਸ਼ੂਜ਼ ਕੰਪਨੀਆਂ (ਜਿਨ੍ਹਾਂ ਤੇ ਭਾਰਤ ਸਰਕਾਰ ਦਾ ਕੋਈ ਅਧਿਕਾਰ ਨਹੀਂ) ਵਿਚ ਛੁਪਾਉਣ ਦਾ ਦੋਸ਼ ਲਗਾਇਆ। ਸਿੱਧੀ ਗੱਲ ਕਰੀਏ ਤਾਂ ਕਾਲਾ ਧੰਨ ਬਣਾਇਆ।

ਫਿਰ ਉਨ੍ਹਾਂ ਆਖਿਆ ਕਿ ਅਡਾਨੀ ਨੇ ਬੈਂਕਾਂ ਕੋਲੋਂ ਕਰਜ਼ੇ ਲੈਣ ਲਈ ਅਪਣੇ ਸ਼ੇਅਰ ਗਹਿਣੇ ਰੱਖੇ ਜਿਨ੍ਹਾਂ ਦੀ ਕੀਮਤ ਵਧਾ ਕੇ ਦੱਸੀ ਗਈ ਹੈ। ਅਡਾਨੀ ਸੰਗਠਨ ਨੂੰ ਭਾਰਤ ਸਰਕਾਰ ਨੇ ਸੁਰੱਖਿਆ ਲਈ ਵਰਤੇ ਜਾਂਦੇ ਹਵਾਈ ਜਹਾਜ਼ ਬਣਾਉਣ ਦਾ ਕੰਮ ਟ੍ਰਾਮਾ ਤੋਂ ਲੈ ਦਿਤਾ। ਸਾਰੇ ਏਅਰ ਪੋਰਟ ਦੇ ਦਿਤੇ। ਆਸਟ੍ਰੇਲੀਆ ਤੋਂ ਕੋਲੇ ਦੀਆਂ ਖੱਡਾਂ ਲੈ ਦਿਤੀਆਂ। ਡੁਬਦੇ ਅਡਾਨੀ ਨੂੰ ਇਜ਼ਰਾਈਲ ਤੋਂ ਪਾਰਟ ਲੈ ਦਿਤੇ ਪਰ ਚੋਰ ਦੀ ਚੋਰੀ ਪਕੜੀ ਗਈ ਨਜ਼ਰ ਆ ਰਹੀ ਹੈ। ਜਿਥੇ ਚੋਰੀ ਦੀ ਗੱਲ ਆਉਂਦੀ ਹੈ, ਪਛਮੀ ਦੇਸ਼ਾਂ ਵਿਚ ਨਿਯਮ ਅਮੀਰ ਤੇ ਗ਼ਰੀਬ ਵਾਸਤੇ ਬਰਾਬਰ ਹਨ।




ਉਨ੍ਹਾਂ ਨੇ ਭਾਰਤ ਦੀ ਆਨ ਸ਼ਾਨ ਤੇ ਹਮਲਾ ਨਹੀਂ ਕੀਤਾ ਬਲਕਿ ਅਡਾਨੀ ਨੇ ਅਪਣੇ ਦੇਸ਼ ਦਾ ਨਾਮ ਨੀਵਾਂ ਕੀਤਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਇਸ ਤਰ੍ਹਾਂ ਦਾ ਧੋਖਾ ਚੁੱਪ ਚਾਪ ਰਹਿ ਕੇ ਬਰਦਾਸ਼ਤ ਕਿਉਂ ਕਰ ਰਹੀ ਹੈ? ਅਡਾਨੀ ਨੇ ਤਾਂ ਅਪਣੀ ਆਈ.ਪੀ.ਓ. ਵਿਚ ਅਪਣੀਆਂ ਹੀ ਕੰਪਨੀਆਂ ਵਿਚ ਪਏ ਹੋਏ ਪੈਸੇ ਕੱਢ ਲਏ ਤਾਕਿ ਉਸ ਦਾ ਵਿਦੇਸ਼ਾਂ ਵਿਚ ਪਿਆ ਪੈਸਾ ਬਚ ਜਾਵੇ। ਪਰ ਆਮ ਜਨਤਾ ਜਿਸ ਦਾ ਪੈਸਾ ਬੈਂਕਾਂ ਵਿਚ ਪਿਆ ਹੈ, ਉਸ ਦਾ ਕੀ ਹੋਵੇਗਾ? ਕੀ ਭਾਰਤ ਸਰਕਾਰ ਹੁਣ ਇਸ ਸਾਲ ਅਡਾਨੀ ਦਾ ਕਰਜ਼ਾ ਮਾਫ਼ ਕਰਨ ਦੀ ਤਿਆਰੀ ਵਿਚ ਹੈ? -ਨਿਮਰਤ ਕੌਰ

# ਇਕ ਐਂਬੂਲੈਂਸ ਡਰਾਈਵਰ ਨੇ ਹਿਲਾਇਆ 'ਅਡਾਨੀ ਦਾ ਸਾਮਰਾਜ'

ਵਾਸ਼ਿੰਗਟਨ (ਸ਼ਾਹ):ਕੁੱਝ ਸਮਾਂ ਪਹਿਲਾਂ ਤੱਕ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਲਗਾਤਾਰ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਜਾ ਰਿਹਾ ਸੀ, ਕੁੱਝ ਹੀ ਸਾਲਾਂ ਵਿਚ ਉਹ ਭਾਰਤ ਨਹੀਂ ਬਲਕਿ ਦੁਨੀਆਂ ਦੇ ਅਮੀਰ ਕਾਰੋਬਾਰੀਆਂ ਦੀ ਟੌਪ 10 ਸੂਚੀ ਵਿਚ ਵੀ ਸ਼ਾਮਲ ਹੋ ਗਿਆ ਸੀ,,,,,ਪਰ 24 ਜਨਵਰੀ 2023 ਦੀ ਉਹ ਤਰੀਕ ਐ, ਜਿਸ ਨੇ ਅਡਾਨੀ ਦੇ ਲਈ ਬਹੁਤ ਸਾਰੀਆਂ ਚੀਜ਼ਾਂ ਬਦਲ ਕੇ ਰੱਖ ਦਿੱਤੀਆਂ ਕਿਉਂਕਿ ਇਸੇ ਤਰੀਕ ਨੂੰ ਅਮਰੀਕਾ ਦੀ ਵਿੱਤੀ ਕੰਪਨੀ ਹਿੰਡਨਬਰਗ ਦੀ ਰਿਪੋਰਟ ਸਾਹਮਣੇ ਆਈ ਸੀ, ਜਿਸ ਵਿਚ ਅਡਾਨੀ ਗਰੁੱਪ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਗਾਏ ਗਏ ਸਨ। ਜਿਹੜਾ ਅਡਾਨੀ ਕੁੱਝ ਦਿਨ ਪਹਿਲਾਂ ਤੱਕ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਵਿਅਕਤੀ ਸੀ, ਹਿੰਡਨਬਰਗ ਦੀ ਰਿਪੋਰਟ ਮਗਰੋਂ ਮਹਿਜ਼ 10 ਦਿਨਾਂ ਦੇ ਅੰਦਰ ਹੀ ਉਹ ਟੌਪ 20 ਅਮੀਰਾਂ ਦੀ ਸੂਚੀ ਵਿਚੋਂ ਵੀ ਬਾਹਰ ਹੋ ਗਿਆ। ਕੀ ਤੁਹਾਨੂੰ ਪਤਾ ਏ ਕਿ ਅਡਾਨੀ ਦੇ ਇਸ ਸਾਮਰਾਜ ਨੂੰ ਹਿਲਾਉਣ ਵਾਲਾ ਇਕ ਐਂਬੂਲੈਂਸ ਡਰਾਇਵਰ ਐ? ਜੇਕਰ ਨਹੀਂ ਤਾਂ ਆਓ ਤੁਹਾਨੂੰ ਦੱਸਦੇ ਆਂ ਕਿ ਕੌਣ ਐ ਉਹ ਐਂਬੂਲੈਂਸ ਡਰਾਇਵਰ ਅਤੇ ਕੀ ਐ ਹਿੰਡਨਬਰਡ ਰਿਸਰਚ ਕੰਪਨੀ ਦੀ ਕਹਾਣੀ?

24 ਜਨਵਰੀ 2023 ਦੀ ਤਰੀਕ ਨੂੰ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਕਦੇ ਨਹੀਂ ਭੁਲਾ ਸਕਦਾ ਕਿਉਂਕਿ ਇਸੇ ਤਰੀਕ ਨੂੰ ਹੀ ਅਮਰੀਕਾ ਦੀ ਵਿੱਤੀ ਕੰਪਨੀ ਹਿੰਡਨਬਰਗ ਦੀ ਰਿਪੋਰਟ ਆਈ ਸੀ, ਜਿਸ ਵਿਚ ਅਡਾਨੀ 'ਤੇ ਕਈ ਗੰਭੀਰ ਦੋਸ਼ ਲਗਾਏ ਗਏ ਸਨ। ਭਾਵੇਂਕਿ ਅਡਾਨੀ ਨੇ ਇਸ ਰਿਪੋਰਟ ਨੂੰ ਰੱਦ ਕਰ ਦਿੱਤਾ ਪਰ ਜੋ ਭਾਣਾ ਵਰਤਣਾ ਸੀ ਉਹ ਤਾਂ ਵਰਤ ਚੁੱਕਿਆ ਸੀ। ਰਿਪੋਰਟ ਆਉਣ ਮਗਰੋਂ ਅਡਾਨੀ ਦੇ ਲਈ ਦੁਨੀਆ ਦੇ ਸ਼ੇਅਰ ਬਜ਼ਾਰ ਵਿਚੋਂ ਮਾੜੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਇਕਦਮ ਸ਼ਿਖ਼ਰਲੇ ਡੰਡੇ 'ਤੇ ਚੜ੍ਹੇ ਅਡਾਨੀ ਧੜੰਮ ਕਰਕੇ ਹੇਠਾਂ ਆ ਡਿੱਗੇ। ਹਿੰਡਨਬਰਗ ਦੀ ਰਿਪੋਰਟ ਆਉਣ ਦੇ 10 ਦਿਨਾਂ ਦੇ ਅੰਦਰ ਅੰਦਰ ਹੀ ਅਡਾਨੀ ਦੁਨੀਆ ਭਰ ਦੇ ਅਮੀਰਾਂ ਵਿਚੋਂ ਤੀਜੇ ਨੰਬਰ ਤੋਂ ਖਿਸਕ ਕੇ ਟੌਪ 20 ਵਿਚੋਂ ਵੀ ਬਾਹਰ ਹੋ ਚੁੱਕੇ ਨੇ ਅਤੇ ਇਹ ਸਿਲਸਿਲਾ ਹਾਲੇ ਵੀ ਜਾਰੀ ਐ। ਇਸ ਤੋਂ ਇਲਾਵਾ ਅਡਾਨੀ ਨੇ 20 ਹਜ਼ਾਰ ਕਰੋੜ ਰੁਪਏ ਦਾ ਐਫਪੀਓ ਵੀ ਰੱਦ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਕੰਪਨੀ ਵੱਡੇ ਘਾਟੇ 'ਚ ਚੱਲ ਰਹੀ ਐ। ਆਓ ਹੁਣ ਦੱਸਦੇ ਆਂ ਕਿ ਆਖ਼ਰਕਾਰ ਹਿੰਡਨਬਰਗ ਕਿਸ ਬਲਾ ਦਾ ਨਾਮ ਐ?

ਦਰਅਸਲ ਹਿੰਡਨਬਰਗ ਅਮਰੀਕਾ ਦੀ ਇਕ ਵਿੱਤੀ ਕੰਪਨੀ ਦਾ ਨਾਮ ਐ, ਜੋ ਸ਼ੇਅਰ ਬਾਜ਼ਾਰ ਵਿਚ ਹੋ ਰਹੇ ਗੋਲਮਾਲ ਅਤੇ ਗੜਬੜੀ 'ਤੇ ਨਿਗ੍ਹਾ ਰੱਖਦੀ ਐ। ਕੰਪਨੀ ਦਾ ਉਦੇਸ਼ ਘਪਲਿਆਂ ਨੂੰ ਬੇਨਕਾਬ ਕਰਨਾ ਅਤੇ ਸੱਚਾਈ ਨੂੰ ਸਾਹਮਣੇ ਲਿਆਉਣਾ ਏ। ਕੰਪਨੀ ਦਾ ਕਹਿਣਾ ਏ ਕਿ ਉਹ ਲੋਕਾਂ ਨੂੰ ਸ਼ੇਅਰ ਬਜ਼ਾਰ ਵਿਚ ਅਜਿਹੇ ਵਿੱਤੀ ਹਾਦਸਿਆਂ ਜਾਂ ਖ਼ਤਰਿਆਂ ਵਿਚ ਪੈਣ ਤੋਂ ਬਚਾਉਣ ਦਾ ਕੰਮ ਕਰਦੀ ਐ। ਹੁਣ ਦੱਸਦੇ ਆਂ ਕੰਪਨੀ ਦਾ ਇਤਿਹਾਸ, ਜਦੋਂ ਇਸ ਕੰਪਨੀ ਦਾ ਨਾਂਅ ਹਿੰਡਨਬਰਗ ਰੱਖਿਆ ਗਿਆ ਸੀ।ਸਾਲ 1937 ਦੀ ਗੱਲ ਐ ਜਦੋਂ ਜਰਮਨੀ ਵਿਚ ਹਿਟਲਰ ਦਾ ਰਾਜ ਹੁੰਦਾ ਸੀ। ਇਸੇ ਦੌਰ ਵਿਚ ਇਕ ਸਪੇਸਸ਼ਿਪ ਸੀ, ਜਿਸ ਦਾ ਨਾਮ ਸੀ ਹਿੰਡਨਬਰਗ ਸਪੇਸਸ਼ਿਪ। ਇਸ ਸਪੇਸਸ਼ਿਪ ਦੇ ਪਿੱਛੇ ਨਾਜ਼ੀ ਯੁੱਗ ਦਾ ਪ੍ਰਤੀਕ ਇਕ ਸਵਾਸਤਿਕ ਬਣਿਆ ਹੋਇਆ ਸੀ। ਇਕ ਦਿਨ ਇਸ ਸਪੇਸਸ਼ਿਪ ਵਿਚ ਜ਼ੋਰਦਾਰ ਧਮਾਕਾ ਹੋਇਆ, ਜਿਸ ਕਾਰਨ ਹਿੰਡਨਬਰਗ ਸਪੇਸਸ਼ਿਪ ਨੂੰ ਅੱਗ ਲੱਗ ਗਈ। ਇਸ ਹਾਦਸੇ ਵਿਚ 35 ਲੋਕ ਮਾਰੇ ਗਏ ਸਨ। ਸਪੇਸਸ਼ਿਪ ਵਿਚ 16 ਹਾਈਡ੍ਰੋਜਨ ਗੈਸ ਦੇ ਗੁਬਾਰੇ ਸਨ ਅਤੇ ਇਸ ਵਿਚ 100 ਲੋਕਾਂ ਨੂੰ ਜ਼ਬਰੀ ਬਿਠਾਇਆ ਗਿਆ ਸੀ। ਹਾਈਡ੍ਰੋਜਨ ਕਾਰਨ ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਸਨ, ਇਸ ਕਰਕੇ ਇਸ ਹਾਦਸੇ ਨੂੰ ਟਾਲਿਆ ਜਾ ਸਕਦਾ ਸੀ। ਗੌਤਮ ਅਡਾਨੀ 'ਤੇ ਰਿਪੋਰਟ ਲਿਆਉਣ ਵਾਲੀ ਰਿਸਰਚ ਕੰਪਨੀ ਹਿੰਡਨਬਰਗ ਦਾ ਨਾਮ ਵੀ ਇਸੇ ਘਟਨਾ ਨਾਲ ਜੋੜ ਕੇ ਰੱਖਿਆ ਗਿਆ ਸੀ ਤਾਂ ਜੋ ਕੰਪਨੀ ਦੇ ਨਾਮ ਕਰਕੇ ਇਸ ਹਾਦਸੇ ਨੂੰ ਯਾਦ ਰੱਖਿਆ ਜਾ ਸਕੇ ਅਤੇ ਅੱਗੇ ਤੋਂ ਸਬਕ ਲਿਆ ਜਾ ਸਕੇ।

ਹਿੰਡਨਬਰਗ ਰਿਸਰਚ ਦੇ ਮੁਖੀ ਦਾ ਨਾਂਅ ਨੇਥਨ ਉਰਫ਼ ਐਂਡਰਸਨ ਐ, ਜਿਨ੍ਹਾਂ ਨੇ ਸਾਲ 2017 ਵਿਚ ਇਸ ਕੰਪਨੀ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਨੇ ਅਮਰੀਕਾ




ਕਨੈਕਟਿਕਟ ਯੂਨੀਵਰਸਿਟੀ ਤੋਂ ਇੰਟਰਨੈਸ਼ਨਲ ਬਿਜਨੈੱਸ ਦੀ ਪੜ੍ਹਾਈ ਕੀਤੀ ਹੋਈ ਐ। ਇਸ ਮਗਰੋਂ ਉਨ੍ਹਾਂ ਨੇ ਫੈਕਟ ਸੈਟ ਰਿਸਰਚ ਸਿਸਟਮ ਨਾਂਅ ਦੀ ਇਕ ਡਾਟਾ ਕੰਪਨੀ ਦੇ ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ, ਜਿਸ ਵਿਚ ਉਨ੍ਹਾਂ ਨੇ ਨਿਵੇਸ਼ ਪ੍ਰਬੰਧਨ ਕੰਪਨੀਆਂ ਨਾਲ ਕੰਮ ਕੀਤਾ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਐਂਡਰਸਨ ਨੇ ਕੁੱਝ ਸਮੇਂ ਦੇ ਲਈ ਇਜ਼ਰਾਇਲ ਵਿਚ ਐਂਬੂਲੈਂਸ ਵੀ ਚਲਾਈ ਸੀ, ਇਕ ਐਂਬੂਲੈਂਸ ਡਰਾਇਵਰ ਵਜੋਂ ਕੰਮ ਕਰਦਿਆਂ ਉਨ੍ਹਾਂ ਨੇ ਸਿੱਖਿਆ ਕਿ ਬਹੁਤੇ ਦਬਾਅ ਦੇ ਹੇਠ ਕੰਮ ਕਿਵੇਂ ਕੀਤਾ ਜਾਂਦਾ ਏ ਪਰ ਇਸੇ ਐਂਬੂਲੈਂਸ ਡਰਾਇਵਰ ਨੇ ਦੁਨੀਆ ਦੇ ਦਿੱਗਜ਼ ਕਾਰੋਬਾਰੀ ਗੌਤਮ ਅਡਾਨੀ ਦਾ ਸਾਮਰਾਜ ਹਿਲਾ ਕੇ ਰੱਖ ਦਿੱਤਾ ਏ। ਭਾਵੇਂ ਕਿ ਐਂਡਰਸਨ ਅਮਰੀਕੀ ਅਕਾਊਂਟੈਂਟ ਹੈਰੀ ਮੋਰਕੋਪੋਲੋਸ ਨੂੰ ਆਪਣਾ ਰੋਲ ਮਾਡਲ ਮੰਨਦੇ ਨੇ ਪਰ ਮੌਜੂਦਾ ਸਮੇਂ ਉਸਤਾਦ ਨਹੀਂ ਬਲਕਿ ਚੇਲੇ ਦੀ ਇਕ ਰਿਪੋਰਟ ਨੇ ਪੂਰੀ ਦੁਨੀਆ ਦੇ ਸ਼ੇਅਰ ਬਜ਼ਾਰ ਵਿਚ ਭੜਥੂ ਪਾਇਆ ਹੋਇਆ ਏ, ਜਿਸ ਨੇ ਭਾਰਤੀ ਕਾਰੋਬਾਰੀ ਅਡਾਨੀ ਦੇ ਹੱਥ ਵਿਚ ਠੂਠਾ ਫੜਾਉਣ ਦੀ ਨੌਬਤ ਲਿਆ ਦਿੱਤੀ ਐ।

# ਸੱਤਾ ਅਤੇ ਧਨ

## ਭਾਰਤੀ ਲੀਡਰ ਅਮੀਰ ਹੋਏ ਪਰ ਜਨਤਾ ਗਰੀਬੀ ਵੱਲ ਵਧੀ

ਭਾਰਤੀ ਲੋਕ ਸਭਾ ਦੇ 2009, 2014 ਅਤੇ 2019 ਵਿਚ ਲਗਾਤਾਰ ਚੁਣੇ ਗਏ 71 ਮੈਂਬਰਾਂ ਦੀ ਦੌਲਤ ਵਿਚ ਹੋਏ ਵਾਧੇ ਬਾਰੇ ਇੱਕ ਰਿਪੋਰਟ ਜਾਰੀ ਹੋਈ ਹੈ। 2009 ਵਿਚ ਇਨ੍ਹਾਂ 71 ਸੰਸਦ ਮੈਂਬਰਾਂ ਦੀ ਔਸਤ ਦੌਲਤ 6.15 ਕਰੋੜ ਰੁਪਏ ਸੀ ਜੋ 2019 ਵਿਚ ਵਧ ਕੇ 23.75 ਕਰੋੜ ਰੁਪਏ ਹੋ ਗਈ, ਭਾਵ ਹਰ ਮੈਂਬਰ ਦੀ ਦੌਲਤ ਵਿਚ ਔਸਤ 286 ਫ਼ੀਸਦੀ ਵਾਧਾ ਹੋਇਆ; 2009 ਦੇ ਮੁਕਾਬਲੇ 2019 ਵਿਚ ਇਨ੍ਹਾਂ ਵਿਅਕਤੀਆਂ ਦੀ ਦੌਲਤ ਔਸਤਨ ਚੌਗੁਣੀ ਹੋ ਗਈ।ਸਭ ਤੋਂ ਵੱਡਾ ਵਾਧਾ ਭਾਰਤੀ ਜਨਤਾ ਪਾਰਟੀ ਦੇ ਬੀਜਾਪੁਰ (ਕਰਨਾਟਕ) ਹਲਕੇ ਤੋਂ ਨੁਮਾਇੰਦੇ ਜੇਆਰ ਚੰਦੱਪਾ ਦੀ ਦੌਲਤ ਵਿਚ ਹੋਇਆ: ਦਸ ਸਾਲਾਂ (2009 ਤੋਂ 2019 ਤਕ) ਵਿਚ ਉਸ ਦੀ ਦੌਲਤ 4189 ਫ਼ੀਸਦੀ ਹੋ ਗਈ; 2009 ਵਿਚ ਉਸ ਕੋਲ 1.17 ਕਰੋੜ ਰੁਪਏ ਦੀ ਜਾਇਦਾਦ ਸੀ ਜੋ 2019 ਵਿਚ ਵਧ ਕੇ 50.4 ਕਰੋੜ ਰੁਪਏ ਹੋ ਗਈ। ਇਸੇ ਸੂਬੇ ਤੋਂ ਭਾਜਪਾ ਦੇ ਬੰਗਲੁਰੂ ਸੈਂਟਰਲ ਤੋਂ ਨੁਮਾਇੰਦੇ ਪੀਵੀ ਮੋਹਨ ਦੀ ਜਾਇਦਾਦ ਇਨ੍ਹਾਂ ਦਸ ਸਾਲਾਂ ਵਿਚ 1306 ਫ਼ੀਸਦੀ ਵਧੀ; 2009 ਵਿਚ ਉਸ ਕੋਲ 5 ਕਰੋੜ ਰੁਪਏ ਦੀ ਦੌਲਤ ਸੀ ਜੋ 2019 ਵਿਚ 75.5 ਕਰੋੜ ਰੁਪਏ ਹੋ ਗਈ। ਤੀਸਰੇ ਨੰਬਰ 'ਤੇ ਭਾਜਪਾ ਦਾ ਉੱਤਰ ਪ੍ਰਦੇਸ਼ ਤੋਂ ਲੋਕ ਸਭਾ ਮੈਂਬਰ ਵਰੁਣ ਗਾਂਧੀ ਹੈ ਜਿਸ ਦੀ ਦੌਲਤ ਵਿਚ 1124 ਫ਼ੀਸਦੀ ਦਾ ਵਾਧਾ ਹੋਇਆ। ਚੌਥੇ ਨੰਬਰ 'ਤੇ ਉੜੀਸਾ ਤੋਂ ਬੀਜੂ ਜਨਤਾ ਦਲ ਦਾ ਪੁਰੀ ਹਲਕੇ ਤੋਂ ਨੁਮਾਇੰਦਾ ਪਿਨਾਕੀ ਮਿਸ਼ਰਾ ਹੈ ਜਿਸ ਦੀ ਦੌਲਤ ਵਿਚ 296 ਫ਼ੀਸਦੀ ਦਾ ਵਾਧਾ ਹੋਇਆ। ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਪੰਜਵੇਂ ਨੰਬਰ 'ਤੇ ਹੈ ਜਿਸ ਦੀ ਦੌਲਤ ਵਿਚ ਇਸੇ ਸਮੇਂ ਦੌਰਾਨ 261 ਫ਼ੀਸਦੀ ਦਾ ਵਾਧਾ ਹੋਇਆ। ਭਾਜਪਾ ਦੀ ਉੱਤਰ ਪ੍ਰਦੇਸ਼ ਤੋਂ ਮੈਂਬਰ ਮੇਨਕਾ ਗਾਂਧੀ ਦੀ ਦੌਲਤ ਵੀ 217 ਫ਼ੀਸਦੀ ਵਧੀ।ਪਰ ਦੇਸ਼ ਦੇ ਮੱਧ ਵਰਗ ਤੇ ਨਿਮਨ ਮੱਧ ਵਰਗ ਦੇ ਲੋਕਾਂ ਦੀ ਆਮਦਨ ਕਿਉਂ ਘਟ ਰਹੀ ਹੈ? ਮਿਹਨਤਕਸ਼ ਲੋਕਾਂ ਅਤੇ ਖ਼ਾਸ ਕਰ ਕੇ ਦਿਹਾੜੀਦਾਰਾਂ ਦੀ ਉਜਰਤ ਏਨੀ ਘੱਟ ਕਿਉਂ ਹੈ? ਬੇਰੁਜ਼ਗਾਰੀ ਅਤੇ ਮਹਿੰਗਾਈ ਏਨੀ ਤੇਜ਼ੀ ਨਾਲ ਕਿਉਂ ਵਧ ਰਹੀਆਂ ਹਨ? ਇਹ ਵੀ ਪ੍ਰਤੱਖ ਹੈ ਕਿ ਸਿਆਸਤਦਾਨਾਂ ਦੀ ਆਮਦਨ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਹੈ? ਉਨ੍ਹਾਂ ਦੀ ਵਧਦੀ ਦੌਲਤ ਤੇ ਬੇਤਹਾਸ਼ਾ ਅਮੀਰੀ ਪ੍ਰਤੱਖ ਦਿਖਾਈ ਦਿੰਦੇ ਹਨ।ਦੇਸ਼ ਦੇ ਆਜ਼ਾਦੀ ਸੰਘਰਸ਼ ਅਤੇ ਆਜ਼ਾਦੀ ਤੋਂ ਕੁਝ ਦਹਾਕੇ ਬਾਅਦ ਸਿਆਸਤਦਾਨਾਂ ਨੇ ਆਪਣੀ ਦੌਲਤ ਦਾ ਕੁਝ ਹਿੱਸਾ ਸਮਾਜਿਕ ਕੰਮਾਂ ਅਤੇ ਖ਼ਾਸ ਕਰ ਕੇ ਵਿੱਦਿਆ ਤੇ ਸਿਹਤ ਦੇ ਖੇਤਰਾਂ ਵਿਚ ਲਾਇਆ। ਸਮੇਂ ਦੀ ਤੋਰ ਬਦਲਣ ਨਾਲ ਕਾਰੋਬਾਰੀਆਂ, ਵਪਾਰੀਆਂ, ਸਿਆਸਤਦਾਨਾਂ ਸਭ ਦੇ ਸਮਾਜਿਕ ਸਰੋਕਾਰ ਘਟੇ ਹਨ। ਦੌਲਤ ਵਧਾਉਣਾ ਜ਼ਿੰਦਗੀ ਦਾ ਇਕੋ-ਇਕ ਨਿਸ਼ਾਨਾ ਬਣਦਾ ਜਾ ਰਿਹਾ ਹੈ। ਸਿਆਸਤ ਅਤੇ ਖ਼ਾਸ ਕਰਕੇ ਚੋਣਾਂ ਵਿਚ ਪੈਸੇ ਦੀ ਭੂਮਿਕਾ ਬਹੁਤ ਵਧੀ ਹੈ। ਅਜਿਹੇ ਮਾਹੌਲ ਵਿਚ ਨੈਤਿਕ ਪ੍ਰਸ਼ਨ ਪੁੱਛਣ ਦਾ ਅਮਲ ਘਟਦਾ ਹੈ। ਦੇਸ਼ ਦੇ ਸਿਆਸਤਦਾਨਾਂ ਨੂੰ ਲੋਕਾਂ ਨਾਲ ਪ੍ਰਤੀਬੱਧਤਾ ਦਿਖਾਉਣ ਤੇ ਉਸ ਨੂੰ ਅਮਲੀ ਰੂਪ ਦੇਣ ਦੀ ਜ਼ਰੂਰਤ ਹੈ। ਲੋਕਾਂ ਦਾ ਸਿਆਸੀ ਜਮਾਤ ਤੋਂ ਘਟ ਰਿਹਾ ਵਿਸ਼ਵਾਸ ਸਮਾਜ ਦੇ ਹਿੱਤ ਵਿਚ ਨਹੀਂ ਹੈ।

*MORTGAGES
FOR UPTO
50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus
Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC
Yes, Private Mortgages Start from 8.25% for a limited time*
Foreclosure?, we can help.
QUICK & EASY APPROVALS


# ਮਦਰ ਇੰਡੀਆ

## CELEBRATING

## 50 YEARS

## IN BUSSINESS

ਮਦਰ ਇੰਡੀਆ ਦੇ ਸਟੋਰ ਤੇ ਆ ਕੇ $150 ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕਰੋ

ਅਤੇ ਤੁਰੰਤ $50 ਦਾ ਆਪਣੀ ਮਨਪਸੰਦ ਦਾ ਸਮਾਨ ਮੁਫਤ ਲਉ

## ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ



ਨਰੇਸ਼ ਸ਼ੁਕਲਾ

**TEL: 604-430-6072**

Email: nareshcanada@hotmail.com

6647-Main Street (50th Ave.) Vancouver BC V5X 3H3

*Top Quality *Friendly Service * On Time & Free Delivery

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

7743-128St Surrey, BC (Opposite to Subway)




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00 Queen $299.00



ਗੌਦਰੇਜ ਦੀ ਅਲਮਾਰੀ ਕੀਮਤ $599.00

Paul Narwal & Patrick 604-503-4457 ਜਾਂ 236-868-1628

# .Ck Auto.

CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)




215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE
Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey




# NEXTRUX TRANSPORT LTD



ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*11 ਫਰਵਰੀ ਦਿਨ ਸ਼ਨਿਚਰਵਾਰ ਸ. ਰਣਜੀਤ ਸਿੰਘ ਗਿੱਲ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ।

*12 ਫਰਵਰੀ ਦਿਨ ਐਤਵਾਰ ਬੀਬੀ ਦਲਜੀਤ ਕੌਰ ਧਾਰੀਵਾਲ ਦੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

**ਨੋਟ:12 ਫਰਵਰੀ ਦਿਨ ਐਤਵਾਰ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।**

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ: 1. ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ 2. ਭਾਈ ਰੇਸ਼ਮ ਸਿੰਘ ਲੁਧਿਆਣੇ ਵਾਲੇ

*ਕਥਾ ਵਾਚਕ -ਭਾਈ ਮਨਜੀਤ ਸਿੰਘ ਚਕਰ *ਕਵੀਸ਼ਰ ਭਾਈ ਵੀਰਭਾਨ ਸਿੰਘ ਮੌੜ ਮਾਲਵਾ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274

# ਗਿਆਨ ਨੂੰ ਰੋਕਣਾ ਨਾਮੁਮਕਿਨ

ਸਾਡੇ ਹਾਕਮ ਇਸ ਸਮੇਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਤਰਲੋਮੱਛੀ ਹੋ ਰਹੇ ਹਨ। ਅਸਲ ਵਿੱਚ ਮੌਜੂਦਾ ਸੱਤਾ ਹੀ ਧਰਮ ਤੇ ਆਸਥਾ ਦੇ ਸਹਾਰੇ ਟਿਕੀ ਹੋਈ ਹੈ। ਸੱਤਾ ਹਮੇਸ਼ਾ ਧਰਮ ਨੂੰ ਹਥਿਆਰ ਵਜੋਂ ਵਰਤਦੀ ਰਹੀ ਹੈ। ਇਸ ਸਮੇਂ ਇਹ ਹਥਿਆਰ ਏਨਾ ਖ਼ਤਰਨਾਕ ਹੋ ਚੁੱਕਾ ਹੈ ਕਿ ਇਹ ਸੱਤਾ ਦੇ ਹਰ ਵਿਰੋਧੀ ਨੂੰ ਮੌਤ ਦੇ ਘਾਟ ਉਤਾਰਨ ਲਈ ਬੇਤਾਬ ਰਹਿੰਦਾ ਹੈ। ਧਰਮ ਅਜਿਹੇ ਅੰਧ-ਵਿਸ਼ਵਾਸੀ ਲੋਕਾਂ ਦੀ ਭੀੜ ਤਿਆਰ ਕਰਦਾ ਰਹਿੰਦਾ ਹੈ, ਜਿਹੜੀ ਬੇਰਹਿਮ ਤੇ ਸਮਾਜ ਲਈ ਨੁਕਸਾਨਦੇਹ ਹੁੰਦੀ ਹੈ।

ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਵਿਗਿਆਨ ਸਭ ਰੋਕਾਂ ਨੂੰ ਤੋੜਦਾ ਹੋਇਆ ਅੱਗੇ ਵਧਦਾ ਰਹਿੰਦਾ ਹੈ। ਆਪਣੇ ਆਪ ਰੱਬ ਬਣੇ ਸਾਧਾਂ, ਬਾਬਿਆਂ, ਪੁਜਾਰੀਆਂ ਤੇ ਗੁਰੂਆਂ ਦੇ ਪ੍ਰਪੰਚ ਤਰਕਸ਼ੀਲਤਾ ਅੱਗੇ ਆਖਰ ਹਾਰ ਹੀ ਜਾਂਦੇ ਹਨ। ਇਸੇ ਕਾਰਨ ਦੁਨੀਆ ਪੱਧਰ 'ਤੇ ਨਾਸਤਿਕਾਂ ਤੇ ਧਰਮ ਨਾ ਮੰਨਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਬੀਤੇ ਦਸੰਬਰ ਮਹੀਨੇ ਇੰਗਲੈਂਡ ਵਿੱਚ ਹੋਈ ਮਰਦਸ਼ੁਮਾਰੀ ਦੇ ਅੰਕੜੇ ਇਹ ਦੱਸਦੇ ਹਨ ਕਿ ਅੰਧ-ਵਿਸ਼ਵਾਸਾਂ ਉੱਤੇ ਵਿਗਿਆਨ ਦੀ ਜਿੱਤ ਹੁਣ ਰੋਕੀ ਨਹੀਂ ਜਾ ਸਕਦੀ । ਇਨ੍ਹਾਂ ਅੰਕੜਿਆਂ ਅਨੁਸਾਰ ਇੰਗਲੈਂਡ ਤੇ ਵੇਲਜ਼ ਦੇ 40 ਸਾਲ ਤੱਕ ਦੀ ਉਮਰ ਵਾਲੇ 50 ਫ਼ੀਸਦੀ ਲੋਕ ਕਿਸੇ ਧਰਮ ਨੂੰ ਨਹੀਂ ਮੰਨਦੇ । ਦਸ ਸਾਲ ਪਹਿਲਾਂ ਹੋਈ ਮਰਦਮਸ਼ੁਮਾਰੀ ਵਿੱਚ ਧਰਮ ਨਾ ਮੰਨਣ ਵਾਲੇ 37 ਫ਼ੀਸਦੀ ਸਨ। ਬਰਤਾਨੀਆ ਵਿੱਚ 40 ਸਾਲ ਉੱਪਰ ਤੋਂ ਉਮਰ ਵਾਲੇ ਲੋਕਾਂ ਵਿੱਚ ਈਸਾਈ 98 ਲੱਖ ਹਨ, ਜਦੋਂ ਕਿ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲਿਆਂ ਦੀ ਗਿਣਤੀ 1 ਕਰੋੜ 36 ਲੱਖ ਹੈ। ਉਮਰ ਦੇ ਹਿਸਾਬ ਨਾਲ ਈਸਾਈ ਧਰਮ ਨੂੰ ਮੰਨਣ ਵਾਲਿਆਂ ਦੀ ਔਸਤ ਉਮਰ 45 ਸਾਲ, ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੀ 37 ਸਾਲ, ਯਹੂਦੀਆਂ ਦੀ 41 ਸਾਲ, ਬੁੱਧ ਧਰਮ ਵਾਲਿਆਂ ਦੀ 43 ਸਾਲ ਤੇ ਮੁਸਲਿਮ ਧਰਮ ਵਾਲਿਆਂ ਦੀ 27 ਸਾਲ ਹੈ। ਧਰਮ ਨਾ ਮੰਨਣ ਵਾਲਿਆਂ ਦੀ ਔਸਤ ਉਮਰ 32 ਸਾਲ ਹੈ । ਇਸ ਤੋਂ ਸਾਫ਼ ਹੁੰਦਾ ਹੈ ਕਿ ਈਸਾਈ, ਬੁੱਧ ਤੇ ਯਹੂਦੀ ਧਰਮ ਨੂੰ ਮੰਨਣ ਵਾਲੇ ਲੋਕਾਂ ਵਿੱਚ ਬਹੁਤੇ ਵੱਡੀ ਉਮਰ ਦੇ ਹਨ ਤੇ ਇਨ੍ਹਾਂ ਵਿਚਲੇ ਨੌਜਵਾਨ ਨਾਸਤਿਕਤਾ ਵੱਲ ਵਧ ਰਹੇ ਹਨ। ਅਮਰੀਕਾ ਵਿੱਚ 2021 ਵਿੱਚ ਹੋਏ ਇੱਕ ਸਰਵੇ ਵਿੱਚ ਸਾਹਮਣੇ ਆਇਆ ਸੀ ਕਿ ਉੱਥੇ 30 ਫ਼ੀਸਦੀ ਤੋਂ ਵੱਧ ਬਾਲਗ ਕੋਈ ਧਰਮ ਨਹੀਂ ਮੰਨਦੇ। ਸੰਨ 2007 ਵਿੱਚ ਇਹ ਗਿਣਤੀ 16 ਫੀਸਦੀ ਸੀ। ਅਮਰੀਕਾ ਵਿੱਚ 2007 ਵਿੱਚ 80 ਫ਼ੀਸਦੀ ਅਬਾਦੀ ਈਸਾਈ ਸੀ, ਜੋ 2021 ਵਿੱਚ 50 ਫ਼ੀਸਦੀ ਰਹਿ ਗਈ ਹੈ। ਈਸਾਈ ਹੋਣ ਦੇ ਬਾਵਜੂਦ 2007 ਵਿੱਚ 18 ਫ਼ੀਸਦੀ ਅਬਾਦੀ ਚਰਚ ਨਹੀਂ ਸੀ ਜਾਂਦੀ, ਹੁਣ 2021 ਵਿੱਚ ਚਰਚ ਨਾ ਜਾਣ ਵਾਲਿਆਂ ਦੀ ਗਿਣਤੀ 32 ਫ਼ੀਸਦੀ ਹੈ। ਸੰਨ 2015 ਵਿੱਚ ਦੁਨੀਆ ਦੀ ਅਬਾਦੀ 7.3 ਅਰਬ ਸੀ। ਇਨ੍ਹਾਂ ਵਿੱਚੋਂ 2.3 ਅਰਬ ਈਸਾਈ, 1.8 ਅਰਬ ਮੁਸਲਿਮ, ਧਰਮ ਨਾ ਮੰਨਣ ਵਾਲੇ 1.2 ਅਰਬ, ਹਿੰਦੂ 1.1 ਅਰਬ ਤੇ ਬੋਧੀ 50 ਕਰੋੜ ਸਨ। ਜੇਕਰ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲਿਆਂ ਦੇ ਮੁੱਖ ਦੇਸ਼ਾਂ ਦੀ ਗੱਲ ਕਰੀਏ ਤਾਂ ਚੀਨ ਦੀ 74 ਫ਼ੀਸਦੀ ਅਬਾਦੀ, ਸਵੀਡਨ ਦੀ 73 ਫੀਸਦੀ, ਚੈਕ ਗਣਰਾਜ ਦੀ 72 ਫੀਸਦੀ, ਹਾਲੈਂਡ ਦੀ 66 ਫ਼ੀਸਦੀ, ਜਰਮਨੀ ਦੀ 34 ਫ਼ੀਸਦੀ, ਇਟਲੀ ਦੀ 25 ਫ਼ੀਸਦੀ, ਰੂਸ ਦੀ 22 ਫ਼ੀਸਦੀ, ਬਰਾਜ਼ੀਲ ਦੀ 17 ਫ਼ੀਸਦੀ, ਦੱਖਣੀ ਅਫ਼ਰੀਕਾ ਦੀ 9 ਫ਼ੀਸਦੀ ਤੇ ਭਾਰਤ ਦੀ 2 ਫ਼ੀਸਦੀ ਅਬਾਦੀ ਧਰਮ ਨੂੰ ਨਾ ਮੰਨਣ ਵਾਲਿਆਂ ਦੀ ਹੈ। ਕੱਟੜ ਇਸਲਾਮੀ ਦੇਸ਼ ਈਰਾਨ ਅੰਦਰ 2020 ਵਿੱਚ ਕੀਤੇ ਗਏ ਸਰਵੇਖਣ ਅਨੁਸਾਰ ਉੱਥੇ ਵੀ 9 ਫ਼ੀਸਦੀ ਲੋਕ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ। ਇਸ ਮੁਤਾਬਕ ਈਰਾਨ ਦੇ ਲੋਕ ਵੀ ਸਾਥੋਂ ਵੱਧ ਵਿਗਿਆਨਕ ਤੇ ਜਾਗਰੂਕ ਹਨ। ਸੰਨ 2017 ਦੇ ਵਿਨ ਗੈਲਪ ਸਰਵੇ ਅਨੁਸਾਰ ਦੁਨੀਆ ਦੀ 62 ਫ਼ੀਸਦੀ ਅਬਾਦੀ ਕਿਸੇ ਨਾ ਕਿਸੇ ਧਰਮ ਨੂੰ ਮੰਨਦੀ ਹੈ। ਇਸ ਮੁਤਾਬਕ ਚੀਨ ਦੇ 16 ਫ਼ੀਸਦੀ, ਸਵੀਡਨ ਦੇ 22 ਫ਼ੀਸਦੀ ਤੇ ਜਪਾਨ ਦੇ 29 ਫ਼ੀਸਦੀ ਲੋਕ ਧਰਮ ਨੂੰ ਨਹੀਂ ਮੰਨਦੇ ਪਰ ਰੱਬ ਦੀ ਹੋਂਦ ਉੱਤੇ ਭਰੋਸਾ ਕਰਦੇ ਹਨ। ਦੁਨੀਆ ਦੇ ਪੱਧਰ ਉੱਤੇ ਵਾਪਰ ਰਿਹਾ ਇਹ ਵਰਤਾਰਾ ਹੀ ਸੱਤਾਧਾਰੀਆਂ ਨੂੰ ਡਰਾ ਰਿਹਾ ਹੈ। ਇਸੇ ਲਈ ਕਦੇ ਉਹ ਧਰਮ ਨੂੰ ਖ਼ਤਰੇ ਦੀ ਦੁਹਾਈ ਦਿੰਦੇ ਹਨ ਤੇ ਕਦੇ ਧਰਮ ਤਬਦੀਲੀ ਦਾ ਸ਼ੋਰ ਮਚਾ ਕੇ ਲੋਕਾਂ ਦੀ ਆਸਥਾ ਨੂੰ ਥੰਮ੍ਹੀਆਂ ਦੇਣ ਦੀ ਕੋਸ਼ਿਸ਼ ਕਰਦੇ ਹਨ, ਪਰ ਵਿਗਿਆਨ ਏਨਾ ਸ਼ਕਤੀਸ਼ਾਲੀ ਹੈ ਕਿ ਉਹ ਆਪਣੇ ਰਸਤੇ ਵਿੱਚ ਆਉਂਦੀ ਹਰ ਅੜਚਣ ਨੂੰ ਤਬਾਹ ਕਰਦਾ ਹੋਇਆ ਅੱਗੇ ਵਧਦਾ ਰਹਿੰਦਾ ਹੈ।

# ਫ਼ਲਿਆਂ ਤੋਂ ਫੇਸਬੁੱਕ ਤੱਕ

ਮੇਰੀ ਕੁ ਉਮਰ ਦੇ ਯਾਣੀ 50 ਤੋਂ 60 ਦੇ ਵਿਚਾਲੇ ਵਾਲੇ ਓਹ ਆਖਰੀ ਲੋਕ ਨੇ ਜੀਹਨਾ ਫਲਿਆਂ ਤੋਂ ਫੇਸਬੁੱਕ ਤਕ ਦਾ ਸਫਰ ਤਹਿ ਕੀਤਾ ਹੈ ਅਤੇ ਦੋ ਸਦੀਆਂ ਨੂੰ ਪੂਰੇ ਹੋਸ਼ੋ-ਹਵਾਸ ਨਾਲ ਹੰਡਾਇਆ ਹੈ। ਡੰਗਰਾਂ ਦੇ ਖੁਰ ਵੀ ਮਿੱਧੇ ਨੇ ਅਤੇ ਫੇਸਬੁੱਕ ਤੋਂ ਲੈ ਕੇ ਟਵਿਟਰ ਜਾਂ ਇੰਸਟਾਗਰਾਮ ਦਾ ਭੁਸ ਵੀ ਪੂਰਾ ਕੀਤਾ ਹੈ। ਅੱਗ ਮੂਹਰੇ ਬਹਿ ਕੇ ਭੁੰਨੀਆਂ ਹੋਈਆਂ ਹੋਲਾਂ ਨਾਲ ਵੀ ਹਥ ਮੂੰਹ ਕਾਲੇ ਕੀਤੇ ਨੇ ਅਤੇ ਪੀਜਿਆਂ ਦੀ ਜਹੀ ਤਹੀ ਵੀ ਫੇਰੀ ਹੈ। ਬੇਰਾਂ ਅਤੇ ਕੱਚੀਆਂ ਅੰਬੀਆਂ ਦੇ ਸਵਾਦ ਵੀ ਚੱਖੇ ਨੇ ਅਤੇ ਵਰਾਸ਼ਾਂ ਤੀਕ ਮੂੰਹ ਪਾੜ ਪਾੜ ਬਰਗਰਾਂ ਦੀ ਸ਼ਾਮਤ ਵੀ ਆਂਦੀ ਹੈ। ਬੁਥਿਆਂ ਨਾਲ ਪੈਰ ਵੀ ਪੜਵਾਏ ਨੇ ਅਤੇ ਬਰਫਾਂ ਦੇ ਖੋਭੇ ਵੀ ਦੇਖੇ ਨੇ। ਇਹ ਓਹ ਆਖਰੀ ਨਸਲ ਹੈ ਜਿਹੜੀ ਬਰੰਟੇ ਜਾਂ ਗੁੱਲੀ ਡੰਡਾ ਖੇਡ ਕੇ ਵੀ ਦਿਲ ਪਰਚਾ ਲੈਂਦੀ ਰਹੀ ਅਤੇ ਹੁਣ ਫੋਨਾਂ ਨਾਲ ਵੀ ਪੁੱਠੀ ਸਿੱਧੀ ਹੋਣ ਡਹੀ ਹੁੰਦੀ ਹੈ। ਇਸ ਨਸਲ ਨੇ ਤੂੜੀ ਅਤੇ ਬਰਫ ਦੋਨੋ ਉਡਦੀਆਂ ਵੀ ਦੇਖੀਆਂ ਨੇ ਅਤੇ ਇਕੱਠੀਆਂ ਵੀ ਕੀਤੀਆਂ ਨੇ। ਬਲਦਾਂ ਸੰਢਿਆਂ ਦੀ ਤਤਾ ਠਠਾ ਤੋਂ ਲੈ ਕੇ ਟਰੱਕਾਂ ਦੇ ਨਾ ਮੁਕਣ ਵਾਲੇ ਰਸਤੇ ਵੀ ਮਿੱਧੇ ਨੇ ਇਸ ਨਸਲ ਨੇ। ਯਾਣੀ ਇਹ ਓਹ ਆਖਰੀ ਲੋਕ ਨੇ ਜਿਹੜੇ ਇਸ ਬਦਲਦੇ ਜੁਗ ਦੇ ਦੋਨੋਂ ਪਾਸੇ ਦੇਖ ਚਲੇ ਨੇ। ਕੋਈ ਵੀਹ ਤੀਹ ਸਾਲ ਬਾਅਦ ਇਹ ਪੀਹੜੀ ਇਸ ਸੰਸਾਰ ਨੂੰ ਅਲਵਿਦਾ ਆਖ ਚੁੱਕੀ ਹੋਵੇਗੀ ਜਿਹੜੀ ਫੋਨਾਂ ਟੀਵੀਆਂ ਤੋਂ ਬਿਨਾ ਵੀ ਜਿਓਂਦੀ ਰਹਿ ਚੁੱਕੀ ਸੀ ਪਰ ਜਿਹੜੀ ਇਨ੍ਹਾਂ ਬਿਨਾ ਵੀ ਜਿਓਂਦੀ ਨਹੀ ਰਹਿ ਸਕਦੀ ਹੁਣ। ਹੁਣ ਵਾਲੀ ਨਸਲ ਜਦ ਪਹਿਲੀ ਪੀਹੜੀ ਨੂੰ ਕਹਿੰਦੀ ਕਿ ਤੁਸੀਂ ਬਿਨਾ ਫੋਨ ਜਾਂ ਨੈਟ ਕਿਵੇਂ ਰਹਿ ਲੈਂਦੇ ਸੋ ਤਾਂ ਓਹ ਸਹੀ ਕਹਿ ਰਹੇ ਹੁੰਦੇ ਨੇ ਕਿਓਂਕਿ ਜੇ ਫਲਿਆਂ ਵਾਲੇ ਜੁਗ ਵਿਚੋਂ ਆਈ ਨਸਲ ਹੀ ਫੋਨਾਂ ਤੋਂ ਬਿਨਾ ਪਾਗਲ ਹੋਣ ਤੱਕ ਜਾ ਰਹੀ ਹੁੰਦੀ ਤਾਂ ਹੁਣ ਵਾਲੀ ਨਸਲ ਦਾ ਸਵਾਲ ਤਾਂ ਵਾਜਬ ਹੈ ਕਿ ਤੁਸੀਂ ਓਦੋਂ ਫੋਨਾਂ ਤੋਂ ਬਿਨਾ ਕਿਵੇਂ ਜੀ ਲੈ ਲੈਂਦੇ ਰਹੇ ਹੋਂ। -ਗੁਰਦੇਵ ਸਿੰਘ ਸੱਧੇਵਾਲੀਆ


The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC



Punjab TRAVELS

ਜੀਵਨ ਸਿੰਘ ਮੋਗਾ
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।
- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
2642 Cedar Park
Abbotsford, British Columbia V2T 3S5
Ph : 604-825-3075, 604-744-4400

ਮਨ ਮਨੁੱਖ ਦੀ ਕੁੰਜੀ ਹੈ — Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਵੱਡਾ ਘੱਲੂਘਾਰਾ ਅਤੇ ਕੂਪ ਰਹੀੜੇ ਦਾ ਮੈਦਾਨ

ਲਹੂ ਨਾਲ ਗੜੁੱਚ, ਸਿਆੜ ਸਿਆੜ ਸੂਰਮਿਆਂ ਦੇ ਖੂਨ ਵਿਚ ਰੰਗਿਆ ਹੋਇਆ। ਚੱਪੇ ਚੱਪੇ ਤੇ ਖਾਲਸੇ ਦੇ ਲਹੂਆਂ ਦੇ ਨਿਸ਼ਾਨ।ਕੂਪ ਰਹੀੜੇ ਦੇ ਮੈਦਾਨ ਵਿਚ ਖੜਕੇ ਜਦ ਤੁਸੀਂ ਦੇਖਦੇ ਹੋਂ ਤਾਂ ਕੂਪ ਅਤੇ ਰਹੀੜੇ ਦੇ ਪਿੰਡਾਂ ਤੋਂ ਲੈ ਕੇ ਕੁਤਬ ਬਾਹਮਣੀਆਂ ਤੀਕ ਯਾਣੀ 30 ਕਿ ਮੀ ਤੱਕ ਅਬਦਾਲੀ ਦੇ ਖੂਨੀ ਪੰਜਿਆਂ ਦੇ ਨਿਸ਼ਾਨ। ਜੰਗ ਵਿਚ ਘਿਰੇ ਸਿੰਘਾਂ ਦੇ ਟਬਰਾਂ ਨੂੰ ਅਬਦਾਲੀ ਦਾ ਖੂਨੀ ਕੁਹਾੜਾ ਵੱਢਦਾ ਹੀ ਤੁਰਿਆ ਗਿਆ, ਪਾੜਦਾ ਹੀ ਤੁਰਿਆ ਗਿਆ, ਸਥਰ ਵਿਛਾਓਂਦਾ ਹੀ। ਉਸ ਨਾ ਬਿਰਧ ਦੇਖਿਆ ਨਾ ਬੱਚਾ ਛਡਿਆ ਨਾ ਔਰਤਾਂ। ਖੂਨੀ ਬਘਿਆੜ ਤਰਾਂ ਉਸ ਸਿਖਾਂ ਦੇ ਨਿਆਣੇ-ਬਿਰਧ ਪਾੜ ਪਾੜ ਸੁਟੇ।

ਬੇਸ਼ਕ ਸਿੰਘਾਂ ਦੇ ਬੋਹੜਾਂ ਵਰਗੇ ਬੁਲੰਦ ਹੌਸਲਿਆਂ ਅਬਦਾਲੀ ਦੇ ਕੁਹਾੜੇ ਨੂੰ ਖੁੰਡਾ ਕਰੀ ਰਖਿਆ ਅਤੇ ਪੇਸ਼ ਨਹੀ ਜਾਣ ਦਿਤੀ ਉਸਦੀ ਪਰ ਇਸ ਵਾਰੀ ਅਬਦਾਲੀ ਵਿਚ ਪੰਡੀਏ ਕਿਆਂ ਦੇ ਪਰਸੂਰਾਮ ਦੀ ਰੂਹ ਉਤਰ ਆਈ ਜਾਪ ਰਹੀ ਸੀ ਜਿਹੜਾ ਖਤਰੀਆਂ ਤਰਾਂ ਸਿਖਾਂ ਤੋਂ ਇਸ ਧਰਤੀ ਨੂੰ ਵਿਹਲਿਆਂ ਕਰ ਦੇਣਾ ਚਾਹੁੰਦਾ ਸੀ, ਖੁਰਾ ਖੋਜ ਮਿਟਾ ਦੇਣਾ।

ਅਬਦਾਲੀ ਦੇ ਮਨ ਕਿੰਨਾ ਕਹਿਰ ਹੋਵੇਗਾ ਸਿਖਾਂ ਪ੍ਰਤੀ ਕਿ ਓਹ 24 ਘੰਟੇ ਲਗਾਤਾਰ ਘੋੜੇ ਦੀ ਕਾਠੀ ਤੋਂ ਨਾਂ ਸੀ ਉਤਰਿਆ ਅਤੇ ਸਵੇਰੇ ਤੜਕਿਓਂ ਚਾਰ ਵਜੇ ਕੂਪ ਅਤੇ ਰਹੀੜੇ ਪਿੰਡਾਂ ਦਰਮਿਆਨ ਡੇਰਾ ਕਰੀ ਬੈਠੇ ਸਿੱਖ ਉਸ ਆਣ ਦਬੇ ਅਤੇ ਵਾਢੀ ਸ਼ੁਰੂ ਕਰ ਦਿਤੀ।

ਕੂਪ ਰਹੀੜੇ ਦੇ ਮੈਦਾਨ ਵਿਚੋਂ ਦੀ ਜਦ ਤੁਸੀਂ ਓਨਾ ਲੋਹੇ ਦੇ ਬੰਦਿਆਂ ਬਾਰੇ ਸੋਚਦੇਂ ਤਾਂ ਓਸ ਪੂਰੀ ਧਰਤੀ ਨੂੰ ਚੁੰਮ ਲੈਣ ਨੂੰ ਦਿਲ ਕਰਦਾ ਜਿਥੇ ਖੜਕੇ ਮੇਰੇ ਬਜੁਰਗਾਂ ਏਸ਼ੀਆ ਦੀ ਵੱਡੀ ਲੜਾਈ ਦੇ ਜੇਤੂ ਅਬਦਾਲੀ ਦੀ ਹਨੇਰੀ ਨੂੰ 30 ਕਿ ਮੀਟਰ ਤਕ ਯਾਣੀ ਸਾਰੇ ਦਿਨ ਦੀ ਘੋਰ ਜੰਗ ਵਿਚ ਠਲੀ ਹੀ ਨਹੀ ਰਖਿਆ ਬਲਕਿ ਅਪਣਾ ਕਾਫਲਾ ਵੀ ਅਧ ਪਚੱਧਾ ਬਚਾ ਲੈ ਨਿਕਲੇ। ਸੂਰਮਿਆਂ ਦੇ ਮਥਿਆਂ ਦੇ ਫਟਾਂ ਵਿਚੋਂ ਚੋਂਦੇ ਲਹੂਆਂ ਦੀਆਂ ਘਰਾਲਾਂ ਦਸਦੀਆਂ ਸਨ ਕਿ ਕਿਸੇ ਨੇ ਅਬਦਾਲੀ ਦੀ ਤਲਵਾਰ ਦਾ ਵਾਰ ਪਿਠ ਤੇ ਨਹੀ ਖਾਧਾ ਅਤੇ ਓਹ ਲਹੂ ਵਿਚ ਭਿਜੇ ਅਬਦਾਲੀ ਨਾਲ ਲੋਹਾ ਖੜਕਾਓਂਦੇ ਰਹੇ ਅਤੇ ਨਾਲ ਨਾਲ ਅਪਣੇ ਟੱਬਰਾਂ ਨੂੰ ਵੀ ਬਚਾਉਂਦੇ ਤੁਰੇ ਗਏ।

ਓਸ ਸਮੇ ਤਾਂ ਹਦ ਹੋ ਗਈ ਸਿੰਘਾਂ ਦੇ ਹੌਸਲਿਆਂ ਦੀ ਜਦ ਸ੍ਰ ਜਸਾ ਸਿੰਘ ਆਹਲੂਵਾਲੀਆ ਅਤੇ ਚੜਤ ਸਿੰਘ ਸ਼ੁਕਰਚਕੀਆ ਗੀਦੀਆਂ ਤਰਾਂ ਪਿਛੇ ਬੈਠੇ ਲਲਕਾਰੇ ਮਾਰਦੇ ਅਬਦਾਲੀ ਦੀ ਘੰਡੀ ਤਕ ਪਹੁੰਚਣ ਹੀ ਵਾਲੇ ਸਨ ਪਰ ਅਬਦਾਲੀ ਨੂੰ ਬਚਾਉਣ ਖਾਤਰ ਬਿਹਾਰ ਦੀ ਭਰੀ ਗਡੀ ਵਿਚ ਚੜਨ ਤਰਾਂ ਜੰਗ ਦਾ ਰੁਖ ਗਹਿਗੱਚ ਵਿਚ ਬਦਲ ਗਿਆ ਅਤੇ ਓਸੇ ਸਮੇ ਵਿਚ ਅਬਦਾਲੀ ਭਜ ਨਿਕਲਿਆ ਅਤੇ ਇਹ ਓਹ ਸਮਾ ਸੀ ਜਦ ਡਰਿਆ ਹੋਇਆ ਅਬਦਾਲੀ ਅਪਣੇ ਜਰਨੈਲ ਜੈਨ ਖਾਨ ਨੂੰ ਪਿਛੇ ਛਡ ਸਰਹੰਦ ਜਾ ਵੜਿਆ।ਅਪਣਾ ਜਾਣ ਮਾਲਵੇ ਵੰਨੀ ਵਧਦੇ ਸਿੰਘਾ ਨੂੰ ਪਟਿਆਲੀਆ ਆਲਾ ਸਿੰਘ ਪਿਠ ਦੇ ਕੇ ਨਠ ਤੁਰਿਆ ਅਤੇ ਕੋਲ ਫੌਜਾਂ ਹੋਣ ਦੇ ਬਾਵਜੂਦ ਖਾਲਸੇ ਦੀ ਮਦਦੇ ਨਾ ਬਹੁੜਿਆ ਅਤੇ ਖੁਦ ਦੇ ਜਖਮ ਪੂੰਝਣ ਤੋਂ ਲੈ ਕੇ ਮੈਦਾਨੇ ਜੰਗ ਵਿਚ ਖਿਲਰੀਆਂ ਪਈਆਂ ਅਪਣਿਆਂ ਦੀਆਂ ਲਾਸ਼ਾਂ ਸਿੰਘਾ ਨੂੰ ਖੁਦ ਹੀ ਸਾਂਭਣੀਆਂ ਪਈਆਂ।ਬਾਦਲਾਂ ਦੀਆਂ ਬਾਕੀ ਗਦਾਰੀਆਂ ਦੀ ਅਲੋਚਨਾ ਤਾਂ ਹੁੰਦੀ ਰਹਿੰਦੀ ਅਤੇ ਰਹੇਗੀ ਪਰ ਦੁਸ਼ਮਣ ਦੇ ਵੀ ਚੰਗੇ ਕੰਮ ਨੂੰ ਸਲਾਹਉਣ ਬਿਨਾ ਤੁਸੀਂ ਰਹਿ ਨਹੀ ਸਕਦੇ।ਬਾਦਲਾਂ ਸਾਡੇ ਜੰਗੀ ਮੈਦਾਨਾ ਦੀਆਂ ਨਿਸ਼ਾਨੀਆਂ ਜਿਹੜੀਆਂ ਸਾਂਭ ਲਈਆ ਇਸ ਬਦਲੇ ਇਤਿਹਾਸ ਦੇ ਆਸ਼ਕ ਇਸ ਗਲ ਦੇ ਰਿਣੀ ਰਹਿਣਗੇ ਬਾਕੀ ਤਾਂ ਲਾਹਨਤਾ ਹੀ ਨੇ।ਕਾਹਨੂੰਵਾਲ ਦਾ ਛੰਭ, ਚਪੜ ਝਿੜੀ ਦਾ ਮੈਦਾਨ, ਕੂਪ ਰਹੀੜੇ ਆਦਿ ਦੀਆਂ ਯਾਦਾਂ ਦਾ ਸਾਂਭਿਆ ਜਾਣਾ ਚੰਗੀ ਗਲ ਸੀ ਨਹੀ ਤਾਂ ਚਪੜ ਝਿੜੀ ਦਾ ਮੈਦਾਨ ਤਾਂ ਮੁਹਾਲੀ ਸ਼ਹਿਰ ਖਾ ਚਲਿਆ ਸੀ।ਵ ਹੁਣ ਘਟੋ ਘਟ ਓਥੇ ਖੜਕੇ ਅਸੀਂ ਇਨਾ ਅੰਦਾਜਾ ਤਾਂ ਲਾ ਸਕਦੇਂ ਕਿ ਇਥੇ ਕਿਤੇ ਹੀ ਖੂਨ ਨਾਲ ਭਰੀਆਂ ਅਖਾਂ ਲੈ ਕੇ ਸਿੰਘ ਸੂਰਮੇ ਸਾਹਵੇਂ ਖੜਾ ਵਜੀਦਾ ਦੇਖ ਕਚੀਚੀਆਂ ਵਟ ਰਹੇ ਹੋਣਗੇ ਕਿ ਬਾਬਾ ਸਾਡੇ ਘੋੜਿਆਂ ਦੀਆਂ ਵਾਗਾਂ ਛਡਦਾ ਕਾਹਤੋਂ ਨਹੀ ਕਿ ਅਸੀਂ ਜੋਰਾਵਰ ਫਤਹਿ ਸਿੰਘ ਨੂੰ ਨੀਹਾਂ ਵਿਚ ਚਿਣਨ ਵਾਲੇ ਵਜੀਦੇ ਨੂੰ ਕਚਾ ਚਬ ਜਾਈਏ।ਯਾਦ ਰਖਣਾ ਇਹ ਨਿਸ਼ਾਨੀਆਂ ਵੀ ਤਾਂ ਹੀ ਬਚੀਆਂ ਰਹਿ ਸਕਣੀਆਂ ਜੇ ਕੌਮ ਮੇਰੀ ਵਾਪਸ ਅਪਣੇ ਇਤਿਹਾਸ ਵੰਨੀ ਰੁਖ ਕਰੇਗੀ ਅਤੇ ਅਜਿਹੀਆਂ ਪਵਿਤਰ ਥਾਵਾਂ ਦੀ ਮਿਟੀ ਨੂੰ ਚੁੰਮ ਕੇ ਆਇਆ ਕਰੇਗੀ।

ਕੂਪ ਰਹੀੜੇ ਤੋਂ ਮੁੜਦਿਆਂ ਅਸੀਂ ਹਰੀਕੇ ਤੋਂ ਸਿਧਾ ਅੰਮ੍ਰਿਤਸਰ ਜਾਣ ਦੀ ਬਜਾਇ ਵਾਇਆ ਭਿਖੀਵਿੰਡ ਖਾਲੜਾ ਝਬਾਲ ਵਿਚ ਦੀ ਹੋ ਲਏ। ਬਾਬਾ ਬੁਢਾ ਜੀ ਦਾ ਜਨਮ ਦਿਨ ਯਾਣੀ ਇਥੋਂ ਦੀ ਬੋਲੀ ਵਿਚ ਬਾਬਾ ਬੁਢਾ ਜੀ ਦਾ ਮੇਲਾ ਚਲ ਰਿਹਾ ਸੀ। ਥਾਂ ਥਾਂ ਲੰਗਰਾਂ ਤੋਂ ਬਿਨਾ ਜਿਹੜੀ ਗਲ ਨੋਟ ਕਰਨ ਵਾਲੀ ਸੀ ਕਿ ਮੋਟਰਸਾਈਲਾਂ ਤੋਂ ਲੈ ਕੇ ਕਾਰਾਂ ਟਰੱਕਾਂ ਤੀਕ ਅਤੇ ਲੰਗਰ ਥਾਵਾਂ ਤੇ ਕਰੀਬਨ ਹੀ ਪੋਸਟਰ ਬਾਬਾ ਜਰਨੈਲ ਸਿੰਘ ਦੇ ਲਗੇ ਹੋਏ ਸਨ ਅਤੇ ਮੈਂ ਹੈਰਾਨ ਇਸ ਗਲੇ ਸੀ ਕਿ ਦਿਨ ਬਾਬਾ ਬੁਢਾ ਜੀ ਨਾਲ ਸਬੰਧਤ ਸੀ ਪਰ ਵਾਰਾਂ ਬੜੀਆਂ ਤਿਖੀਆਂ ਅਤੇ ਖਾਸਕਰ ਬਾਬੇ ਜਰਨੈਲ ਸਿੰਘ ਦੀਆਂ ਸਨ।

ਇਹ ਦੇਖਕੇ ਇਕ ਹੌਸਲਾ ਬਝਦਾ ਕਿ ਬੇਸ਼ਕ ਪੰਜਾਬ ਨੂੰ ਕੀੜਿਆਂ ਦੇ ਭੌਣ ਨੇ ਚੁੰਡ ਲਿਆ ਹੋਇਆ ਪਰ ਫਿਰ ਵੀ ਪੰਜਾਬ ਵਿਚੋਂ ਕੂਪ ਰਹੀੜੇ ਜਾਂ ਕਾਹਨੂੰਵਾਲ ਦੇ ਛੰਭ ਜਾਂ ਚਪੜ ਝਿੜੀ ਦੇ ਮੈਦਾਨਾ ਦੇ ਲਹੂ ਦੀ ਲੋਅ ਹਾਲੇ ਠੰਡੀ ਨਹੀ ਪਈ।

-ਗੁਰਦੇਵ ਸਿੰਘ ਸੱਧੇਵਾਲੀਆ






## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਫਰਵਰੀ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਸਾਹਿਬਜਾਦਾ ਅਜੀਤ ਸਿੰਘ ਜੀ ਅਤੇ ਵੱਡਾ ਘੱਲੂਘਾਰਾ ਦਿਵਸ-ਬੰਦੀ ਛੋੜ ਦਿਵਸ ਗੁਰੂ ਹਰਗੋਬਿੰਦ ਸਾਹਿਬ ਜੀ, ਪ੍ਰਕਾਸ਼ ਦਿਹਾੜਾ ਭਗਤ ਰਵਿਦਾਸ ਦਾਸ ਜੀ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ।

1. ਭਾਈ ਸੁਖਬੀਰ ਸਿੰਘ ਪਰਿਵਾਰ ਵੱਲੋਂ 2. ਭਾਈ ਮਨਦੀਪ ਸਿੰਘ ਵਿਰਕ ਪਰਿਵਾਰ ਵੱਲੋਂ

ਇਹ ਦੋਨੋਂ ਅਖੰਡਪਾਠ ਸਾਹਿਬ 10 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 12 ਫਰਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।

*11 ਫਰਵਰੀ ਦਿਨ ਸ਼ਨਿਚਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਬਲਬੀਰ ਸਿੰਘ ਨਿੱਝਰ ਪਰਿਵਾਰ ਵੱਲੋਂ ਹੋਵੇਗੀ।

*11 ਫਰਵਰੀ ਦਿਨ ਸ਼ਨਿਚਰਵਾਰ ਸਵ. ਭਾਈ ਮਾਨ ਸਿੰਘ ਸਰਾਂ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਦੁਪਹਿਰ 2 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।

*11 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੁ ਲੰਗਰਾਂ ਦੀ ਸੇਵਾ ਭਾਈ ਗੁਰਦੇਵ ਸਿੰਘ ਪਰਿਵਾਰ ਵੱਲੋਂ ਅਤੇ ਰਮਨ ਉੱਪਲ ਪਰਿਵਾਰ ਵੱਲੋਂ ਹੋਵੇਗੀ।

*12 ਫਰਵਰੀ ਦਿਨ ਐਤਵਾਰ ਸਵ. ਸ਼ਕੁੰਤਲਾ ਪੁਰੀ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਦੁਪਹਿਰ 2 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224, ਫੈਕਸ:604-572-3276**

# ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।

ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਅੂਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ। ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236


**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



**ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:**

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




Step-in and see our exclusive collections of Singapore, India, Pakistan and Custom-made 22K Jewellery

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

OFFICIAL AGENTS OF RADO WATCHES

6570 - Main St., (Between 49th & 50th) Vancouver BC
Ph: 604-327-3132 FAX: 604-327-0335

# ਵਿਨਾਸ਼ਕਾਰੀ ਬੂਲਡੋਜ਼ਰ

ਇਨ੍ਹੀਂ ਦਿਨੀਂ ਦੇਸ਼ ਦੇ ਸਿਰਤਾਜ ਹਿਮਾਲਿਆ ਦੀ ਹਰ ਪਾਸੇ ਚਰਚਾ ਹੈ। ਉਤਰਾਖੰਡ ਦਾ ਜੋਸ਼ੀਮੱਠ, ਜਿਸ ਨੂੰ 'ਸਵਰਗ ਦਾ ਦਰਵਾਜ਼ਾ' ਵੀ ਕਿਹਾ ਜਾਂਦਾ ਹੈ, ਜ਼ਮੀਨ ਵਿੱਚ ਸਮਾ ਰਿਹਾ ਹੈ। ਲੋਕ ਆਪਣੇ ਜੀਵਨ ਦੀ ਸਾਰੀ ਪੂੰਜੀ ਲਾ ਕੇ ਬਣਾਏ ਘਰਾਂ ਨੂੰ ਛੱਡ ਕੇ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹਨ। ਸਿਰਫ਼ ਜੋਸ਼ੀਮੱਠ ਹੀ ਨਹੀਂ, ਉਤਰਾਖੰਡ ਦੇ ਅਨੇਕਾਂ ਸ਼ਹਿਰਾਂ-ਪਿੰਡਾਂ ਵਿੱਚ ਧਰਤੀ ਦੇ ਪਾਟਣ ਦੀਆਂ ਆ ਰਹੀਆਂ ਖ਼ਬਰਾਂ ਤੋਂ ਸਭ ਭੈ-ਭੀਤ ਹਨ। ਹੁਣ ਜੰਮੂ ਦੇ ਡੋਡਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚੋਂ ਵੀ ਅਜਿਹੀ ਖ਼ਬਰ ਆ ਗਈ ਹੈ।

ਠੱਠਰੀ ਤਹਿਸੀਲ ਦੇ ਨਵੀਂ ਬਸਤੀ ਪਿੰਡ ਦੇ ਘਰਾਂ ਵਿੱਚ ਵੀ ਤਰੇੜਾਂ ਆਉਣੀਆਂ ਸ਼ੁਰੂ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਤਿੰਨ ਘਰਾਂ ਦੇ ਢਹਿ-ਢੇਰੀ ਹੋਣ ਤੋਂ ਬਾਅਦ 19 ਘਰਾਂ ਦੇ ਬਸ਼ਿੰਦਿਆਂ ਨੂੰ ਕੈਂਪ ਵਿੱਚ ਭੇਜ ਦਿੱਤਾ ਗਿਆ ਹੈ। ਪਿੰਡ ਦੇ 300 ਦੇ ਕਰੀਬ ਲੋਕ ਆਪਣੇ ਘਰਾਂ ਨੂੰ ਛੱਡ ਕੇ ਰਿਸ਼ਤੇਦਾਰਾਂ ਕੋਲ ਚਲੇ ਗਏ ਹਨ। ਇੱਕ ਵਾਤਾਵਰਨ ਕਾਰਕੁੰਨ ਮੁਤਾਬਕ ਪੀਰ ਪੰਜਾਲ ਪਰਬਤ, ਜੋ ਜੰਮੂ ਖੇਤਰ ਨੂੰ ਕਸ਼ਮੀਰ ਘਾਟੀ ਤੋਂ ਵੱਖ ਕਰਦਾ ਹੈ, ਸੜਕਾਂ ਤੇ ਬਿਜਲੀ ਯੋਜਨਾਵਾਂ ਦੇ ਵਿਸਥਾਰ ਲਈ ਡਾਇਨਾਮਾਈਟ ਧਮਾਕਿਆਂ ਤੇ ਪਹਾੜੀਆਂ ਕੱਟਣ ਕਾਰਨ ਅਸਥਿਰ ਹੋ ਚੁੱਕਾ ਹੈ। ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਕੌਮੀ ਰਾਜਮਾਰਗ 244, ਜੋ ਜੰਮੂ ਖੇਤਰ ਨੂੰ ਦੱਖਣੀ ਕਸ਼ਮੀਰ ਨਾਲ ਜੋੜਦਾ ਹੈ, ਨੂੰ ਚੌੜਾ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਸਰਕਾਰ ਠੱਠਰੀ ਤੋਂ 7 ਕਿਲੋਮੀਟਰ ਦੂਰ 859 ਮੈਗਾਵਾਟ ਦੀ ਜਲ ਬਿਜਲੀ ਯੋਜਨਾ ਦਾ ਨਿਰਮਾਣ ਕਰ ਰਹੀ ਹੈ। ਜੋਸ਼ੀਮੱਠ ਦੇ ਲੋਕ ਵੀ ਆਪਣੀ ਤਬਾਹੀ ਲਈ ਅਜਿਹੀਆਂ ਯੋਜਨਾਵਾਂ ਨੂੰ ਹੀ ਜ਼ਿੰਮੇਵਾਰ ਮੰਨ ਰਹੇ ਹਨ।

ਇਹ ਕਿਹੋ ਜਿਹਾ ਵਿਕਾਸ ਹੈ, ਜਿਹੜਾ ਸਮੁੱਚੇ ਹਿਮਾਲਿਆ ਨੂੰ ਦਰਕਾ ਰਿਹਾ ਹੈ ਤੇ ਮਨੁੱਖਤਾ ਲਈ ਖ਼ਤਰਾ ਬਣ ਰਿਹਾ ਹੈ। ਨਦੀਆਂ, ਨਾਲਿਆਂ ਤੇ ਜੰਗਲੀ ਬਨਸਪਤੀ ਨੂੰ ਤਬਾਹ ਕਰ ਰਿਹਾ ਹੈ। ਜੀਵ-ਜੰਤੂਆਂ ਦੀ ਮੌਤ ਦਾ ਕਾਰਨ ਬਣ ਰਿਹਾ ਹੈ। ਇਹ ਵਿਕਾਸ ਕਿਸ ਲਈ ਹੈ? ਮੌਜੂਦਾ ਸਰਕਾਰ ਦੇ ਦੋ ਹੀ ਨਿਸ਼ਾਨੇ ਹਨ। ਇਕ, ਸੱਤਾ ਵਿੱਚ ਬਣੇ ਰਹਿਣ ਲਈ ਹਿੰਦੂਆਂ ਦੀ ਧਾਰਮਕ ਆਸਥਾ ਨੂੰ ਪੱਠੇ ਪਾਉਣੇ ਤੇ ਦੂਜਾ, ਆਪਣੇ ਸਾਮਰਾਜਵਾਦੀ ਆਕਾਵਾਂ ਨੂੰ ਮੰਦੀ ਵਿੱਚੋਂ ਉਭਾਰਨ ਲਈ ਭਾਰਤੀ ਬਜ਼ਾਰ ਨੂੰ ਉਨ੍ਹਾਂ ਦੇ ਸਪੁਰਦ ਕਰਨਾ। ਮੋਦੀ ਸਰਕਾਰ ਨੇ 2017 ਵਿੱਚ ਹਿੰਦੂਆਂ ਦੇ ਚਾਰ ਧਾਮਾਂ, ਬਦਰੀਨਾਥ, ਕੇਦਾਰਨਾਥ, ਗੰਗੋਤਰੀ ਤੇ ਯਮੁਨੋਤਰੀ ਨੂੰ ਜੋੜਨ ਵਾਲੀ ਯੋਜਨਾ ਦੀ ਸ਼ੁਰੂਆਤ ਉਥੋਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਕੀਤੀ ਸੀ ਤੇ ਉਸ ਨੂੰ ਮੁਕੰਮਲ ਕਰਨ ਦਾ ਟੀਚਾ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਰੱਖਿਆ ਗਿਆ ਸੀ । ਮਕਸਦ ਸਾਫ਼ ਹੈ, ਪਰ ਕੁਦਰਤ ਨਾਲ ਲਾਇਆ ਮੱਥਾ ਕਈ ਵਾਰ ਉਲਟਾ ਵੀ ਪੈ ਜਾਂਦਾ ਹੈ।

ਅੱਜ ਬੁਲਡੋਜ਼ਰ ਅਜੋਕੇ ਹਾਕਮਾਂ ਦੀ ਸੱਤਾ ਦਾ ਪ੍ਰਤੀਕ ਬਣ ਚੁੱਕਾ ਹੈ। ਪਹਿਲਾਂ ਨਫ਼ਰਤੀ ਭਾਸ਼ਣਾਂ ਰਾਹੀਂ ਦੰਗੇ ਭੜਕਾਏ ਜਾਂਦੇ ਹਨ ਤੇ ਫਿਰ ਵਿਰੋਧੀਆਂ, ਘੱਟ-ਗਿਣਤੀਆਂ ਤੇ ਦਲਿਤਾਂ ਦੇ ਘਰਾਂ ਤੇ ਕਾਰੋਬਾਰੀ ਥਾਵਾਂ ਉੱਤੇ ਬੁਲਡੋਜ਼ਰ ਚਲਾਏ ਜਾਂਦੇ ਹਨ। ਇਹ ਬੁਲਡੋਜ਼ਰ ਇੱਥੋਂ ਤੱਕ ਹੀ ਸੀਮਤ ਨਹੀਂ, ਹੁਣ ਇਹ ਸਾਰੇ ਦੇਸ਼ ਦੀਆਂ ਉਪਜਾਊ ਜ਼ਮੀਨਾਂ, ਜੰਗਲਾਂ ਤੇ ਪਹਾੜਾਂ ਨੂੰ ਤਹਿਸ-ਨਹਿਸ ਕਰਨ ਲਈ ਬੇਮੁਹਾਰਾ ਹੋ ਕੇ ਨਿਕਲ ਚੁੱਕਾ ਹੈ । ਯਾਦ ਕਰੋ 22 ਅਪ੍ਰੈਲ 2022 ਨੂੰ ਬਰਤਾਨੀਆ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਭਾਰਤ ਆਏ ਸਨ। ਉਨ੍ਹਾਂ ਇੱਥੇ ਆ ਕੇ ਇੱਕ ਬੁਲਡੋਜ਼ਰ ਫੈਕਟਰੀ ਦਾ ਉਦਘਾਟਨ ਕੀਤਾ ਸੀ। ਉਨ੍ਹਾਂ ਬੁਲਡੋਜ਼ਰ ਉੱਤੇ ਚੜ੍ਹ ਕੇ ਫੋਟੋ ਵੀ ਖਿਚਵਾਈ ਸੀ, ਜਿਸ ਨੂੰ ਗੋਦੀ ਮੀਡੀਆ ਨੇ ਘਰ-ਘਰ ਪੁਚਾਇਆ ਸੀ।

ਅੱਜ ਸਾਰੇ ਦੇਸ਼ ਅੰਦਰ ਨਿਰਮਾਣ ਯੋਜਨਾਵਾਂ ਚਾਲੂ ਹਨ, ਐੱਕਸਪ੍ਰੈੱਸ ਵੇਅ ਤੇ ਓਵਰ ਬਰਿੱਜ ਬਣ ਰਹੇ ਹਨ । ਮੰਦਰਾਂ ਦਾ ਵਿਕਾਸ ਕੀਤਾ ਜਾ ਰਿਹਾ ਹੈ। ਨਦੀਆਂ ਕਿਨਾਰੇ ਟੈਂਟਾਂ ਦੇ ਸ਼ਹਿਰ ਵਸਾਏ ਜਾ ਰਹੇ ਹਨ । ਗੰਗਾ ਵਿੱਚ ਪੰਜ ਸਿਤਾਰਾ ਕਰੂਜ਼ ਚਲਾਇਆ ਜਾ ਰਿਹਾ ਹੈ। ਇਸ ਰਾਹੀਂ ਇੱਕ ਪਾਸੇ ਵੋਟ ਬੈਂਕ ਪੱਕਾ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਆਪਣੇ ਸਾਮਰਾਜੀ ਮਿੱਤਰਾਂ ਨੂੰ ਮੰਦੀ 'ਚੋਂ ਕੱਢਣ ਲਈ ਨਵੇਂ ਤੋਂ ਨਵੇਂ ਖੇਤਰ ਲੁੱਟਣ ਲਈ ਮੌਕੇ ਮੁਹੱਈਆ ਕਰਵਾਏ ਜਾ ਰਹੇ ਹਨ। ਇਹ ਵਿਕਾਸ ਦਾ ਫਾਸ਼ੀਵਾਦੀ ਮਾਡਲ ਹੈ । ਇਸ ਦਾ ਜੋ ਵਿਰੋਧ ਕਰੇਗਾ, ਉਸ ਨੂੰ ਵਿਕਾਸ ਵਿਰੋਧੀ 'ਅਰਬਨ ਨਕਸਲ' ਕਹਿ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਵੇਗਾ । ਗੋਦੀ ਮੀਡੀਆ ਮੁਸਲਮਾਨਾਂ ਦੇ ਘਰਾਂ ਉੱਤੇ ਚਲਦਾ ਬੁਲਡੋਜ਼ਰ ਤਾਂ ਦਿਖਾਉਂਦਾ ਰਹਿੰਦਾ ਹੈ ਤਾਂ ਜੋ ਹਿੰਦੂ ਅਬਾਦੀ ਨੂੰ ਖੁਸ਼ ਕੀਤਾ ਜਾ ਸਕੇ, ਪਰ ਪਹਾੜਾਂ ਉੱਤੇ ਚਲਦਾ ਬੁਲਡੋਜ਼ਰ ਕਦੇ ਨਹੀਂ ਦਿਖਾਉਂਦਾ।

ਉਤਰਾਖੰਡ ਵਿਚਲੀ ਚਾਰ ਧਾਮ ਸੜਕ ਜਦੋਂ ਸ਼ੁਰੂ ਕੀਤੀ ਗਈ ਸੀ ਤਾਂ ਕੁਝ ਵਾਤਾਵਰਨ ਪ੍ਰੇਮੀ ਸੁਪਰੀਮ ਕੋਰਟ ਚਲੇ ਗਏ ਸਨ। ਸੁਪਰੀਮ ਕੋਰਟ ਨੇ ਸੜਕ ਨੂੰ 10 ਮੀਟਰ ਦੀ ਥਾਂ 5.5 ਮੀਟਰ ਚੌੜਾ ਕਰਨ ਦਾ ਆਦੇਸ਼ ਦੇ ਦਿੱਤਾ । ਇਸ ਤੋਂ ਬਾਅਦ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਰੀਵਿਊ ਪਟੀਸ਼ਨ ਪਾ ਦਿੱਤੀ। ਇਸ ਵਾਰ 'ਰਾਸ਼ਟਰਵਾਦ' ਦਾ ਸਹਾਰਾ ਲਿਆ ਗਿਆ ਤੇ ਕਿਹਾ ਗਿਆ ਕਿ ਚੀਨ ਦੇ ਹਮਲੇ ਨੂੰ ਰੋਕਣ ਲਈ ਸਰਹੱਦ ਉੱਤੇ ਟੈਂਕ ਭੇਜਣ ਲਈ ਚੌੜਾਈ 10 ਮੀਟਰ ਹੀ ਚਾਹੀਦੀ ਹੈ। ਸੁਪਰੀਮ ਕੋਰਟ ਵੀ 'ਰਾਸ਼ਟਰਵਾਦ' ਦੀ ਦਲੀਲ ਦੇ ਪ੍ਰਭਾਵ ਹੇਠ ਆ ਗਈ ਤੇ ਸੜਕ ਦੀ ਚੌੜਾਈ ਵਧਾਉਣ ਦੀ ਆਗਿਆ ਦੇ ਦਿੱਤੀ । ਇਸ ਤੋਂ ਬਾਅਦ ਸੜਕ ਦੀ ਉਸਾਰੀ ਤੇਜ਼ ਕਰ ਦਿੱਤੀ ਗਈ, ਕਿਉਂਕਿ ਇਸ ਨੂੰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਕੰਮਲ ਕਰਨਾ ਸੀ।

ਸਾਨੂੰ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਵਾਤਾਵਰਨ ਦੀ ਤਬਾਹੀ ਸਮੁੱਚੀ ਮਨੁੱਖਤਾ ਲਈ ਖ਼ਤਰਾ ਬਣ ਸਕਦੀ ਹੈ। ਪਹਾੜਾਂ ਦੀ ਤਬਾਹੀ ਮੈਦਾਨਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਸਕਦੀ ਹੈ। ਇਸ ਤਬਾਹੀ ਦਾ ਅਸਰ ਹਰ ਥਾਂ ਹੋਵੇਗਾ। ਇਸ ਲਈ ਵਿਨਾਸ਼ਕਾਰੀ ਬੁਲਡੋਜ਼ਰ ਨੂੰ ਰੋਕਣਾ ਪਵੇਗਾ। ਇਹ ਸਾਡੀ ਪੀੜ੍ਹੀ ਦਾ ਅਹਿਮ ਫ਼ਰਜ਼ ਹੈ, ਤਾਂ ਜੋ ਅਸੀਂ ਬਿਨਾਂ ਨੁਕਸਾਨ ਪੁਚਾਏ ਇਸ ਧਰਤੀ ਨੂੰ ਅਗਲੀ ਪੀੜ੍ਹੀ ਹਵਾਲੇ ਕਰ ਸਕੀਏ।

**-ਚੰਦ ਫਤਿਹਪੁਰੀ**

# ਸ਼੍ਰੋਮਣੀ ਕਮੇਟੀ ਨੇ 9 ਬੰਦੀ ਸਿੰਘਾਂ ਨੂੰ ਸਨਮਾਨ ਭੱਤੇ ਵਜੋਂ ਹਰ ਮਹੀਨੇ 20-20 ਹਜ਼ਾਰ ਰੁਪਏ ਦੇਣ ਦਾ ਫੈਸਲਾ

ਅੰਮ੍ਰਿਤਸਰ:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੰਮੇ ਸਮੇਂ ਤੋਂ ਦੇਸ਼ ਦੀਆਂ ਜੇਲ੍ਹਾਂ ਵਿਚ 9 ਬੰਦੀ ਸਿੰਘਾਂ ਨੂੰ ਸਨਮਾਨ ਭੱਤੇ ਵਜੋਂ ਹਰ ਮਹੀਨੇ 20-20 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਸਬੰਧੀ ਯੂਐੱਨਓ ਅਤੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਤਕ ਵੀ ਪਹੁੰਚ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਸਿੱਖਾਂ ਪ੍ਰਤੀ ਸਰਕਾਰਾਂ ਦਾ ਅਨਿਆਂ ਮਨੁੱਖੀ ਅਧਿਕਾਰਾਂ ਦਾ ਵੱਡਾ ਉਲੰਘਣ ਹੈ, ਜਿਸ ਨੂੰ ਲੈ ਕੇ ਅੰਤਰਰਾਸ਼ਟਰੀ ਮੰਚਾਂ 'ਤੇ ਅਵਾਜ਼ ਉਠਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਨੇ ਲੰਮੀਆਂ ਸਜ਼ਾਵਾਂ ਵਾਲੇ 9 ਸਿੱਖ ਬੰਦੀਆਂ ਨੂੰ 20-20 ਹਜ਼ਾਰ ਰੁਪਏ ਮਹੀਨਾਵਾਰ ਸਨਮਾਨ ਭੱਤਾ ਦੇਣ ਅਤੇ ਲੋੜ ਅਨੁਸਾਰ ਕਾਨੂੰਨੀ ਮੱਦਦ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿਚ ਭਾਈ ਗੁਰਦੀਪ ਸਿੰਘ ਖੇੜਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਲਖਵਿੰਦਰ ਸਿੰਘ ਲੱਖਾ, ਭਾਈ ਗੁਰਮੀਤ ਸਿੰਘ, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਭਾਈ ਰਾਜੋਆਣਾ ਨੂੰ ਪਹਿਲਾ ਹੀ ਇਹ ਸਨਮਾਨ ਭੱਤਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਬੰਧ ਵਿਚ ਕਾਨੂੰਨੀ ਲੋੜਾਂ ਲਈ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਪਰਮਜੀਤ ਸਿੰਘ ਥਿਆੜਾ, ਬਲਤੇਜ ਸਿੰਘ ਢਿੱਲੋਂ, ਭਗਵੰਤ ਸਿੰਘ ਸਿਆਲਕਾ, ਅਮਰਜੀਤ ਸਿੰਘ ਧਾਰਨੀ ਅਤੇ ਅਰਸ਼ਦੀਪ ਸਿੰਘ ਕਲੇਰ 'ਤੇ ਅਧਾਰਿਤ ਕਾਨੂੰਨੀ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਬੰਦੀ ਸਿੰਘਾਂ ਦੇ ਪਰਿਵਾਰਾਂ ਦੀ ਕਾਨੂੰਨੀ ਮੱਦਦ ਲਈ ਕਾਰਜਸ਼ੀਲ ਰਹੇਗਾ।

# ਭਾਰਤੀ ਫ਼ੌਜ ਨੇ ਭੂਚਾਲ ਪ੍ਰਭਾਵਿਤ ਤੁਰਕੀ ਲਈ ਭੇਜੀ ਮੈਡੀਕਲ ਟੀਮ

ਨਵੀਂ ਦਿੱਲੀ- ਭਾਰਤ ਸਰਕਾਰ ਵਲੋਂ ਭੂਚਾਲ ਪ੍ਰਭਾਵਿਤ ਤੁਰਕੀ ਦੀ ਮਦਦ ਕਰਨ ਦੇ ਫ਼ੈਸਲੇ ਦੇ ਅਧੀਨ ਤੁਰਕੀ ਦੇ ਲੋਕਾਂ ਨੂੰ ਮੈਡੀਕਲ ਮਦਦ ਉਪਲੱਬਧ ਕਰਵਾਉਣ ਲਈ ਭਾਰਤੀ ਫ਼ੌਜ ਨੇ ਮੰਗਲਵਾਰ ਨੂੰ ਡਾਕਟਰਾਂ ਦੀ ਟੀਮ ਭੇਜੀ। ਅਧਿਕਾਰੀਆਂ ਨੇ ਕਿਹਾ ਕਿ ਆਗਰਾ-ਸਥਿਤ ਆਰਮੀ ਫੀਲਡ ਹਸਪਤਾਲ ਨੇ 89 ਮੈਂਬਰੀ ਮੈਡੀਕਲ ਟੀਮ ਭੇਜੀ ਹੈ। ਮੈਡੀਕਲ ਟੀਮ 'ਚ ਹੋਰ ਤੋਂ ਇਲਾਵਾ ਮੈਡੀਕਲ ਦੇਖਭਾਲ ਮਾਹਿਰ ਵੀ ਹਨ। ਇਸ ਟੁਕੜੀ 'ਚ ਆਰਥੋਪੈਡਿਕ (ਹੱਡੀ ਰੋਗ) ਸਰਜਰੀ ਟੀਮ, ਆਮ ਸਰਜਰੀ ਦੀ ਵਿਸ਼ੇਸ਼ ਟੀਮ ਅਤੇ ਮੈਡੀਕਲ ਮਾਹਿਰ ਟੀਮਾਂ ਸ਼ਾਮਲ ਹਨ। ਇਹ ਟੀਮ ਐਕਸਰੇਅ ਮਸ਼ੀਨ, ਵੈਂਟੀਲੇਟਰ, ਆਕਸੀਜਨ ਜੇਨਰੇਸ਼ਨ ਪਲਾਂਟ, ਦਿਲ ਦੀ ਗਤੀ ਮਾਪਣ ਲਈ ਕਾਰਡੀਅਕ ਮਾਨਿਟਰ ਅਤੇ ਸੰਬੰਧਤ ਉਪਕਰਣਾਂ ਨਾਲ ਲੈੱਸ ਹੈ, ਜੋ 30 ਬੈੱਡ ਵਾਲੇ ਮੈਡੀਕਲ ਹਸਪਤਾਲ 'ਚ ਉਪਯੋਗੀ ਵਸਤੂਆਂ ਦੇ ਬਰਾਬਰ ਹਨ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ

ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



**60 LUXURIOUS CONDOS**
- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

**KITCHEN**
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

**BATHROOM**
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਪੇਸ਼ ਲੱਧੀ ਦੇ ਆਈਆਂ

ਵੱਖੋ ਵੱਖਰੇ ਫੱਟੇ ਲਾ ਤੁਰੇ ਫਿਰਦੇ,
ਰਾਖੇ ਪੰਥ ਦੇ ਖ਼ੁਦ ਨੂੰ ਹੀ ਦਸਦੇ ਨੇ।
ਆਪੋ ਵਿਚ ਫੁੰਕਾਰਦੇ ਰਹਿਣ ਸਾਰੇ,
'ਏਕੇ' ਕੋਲੋਂ ਤਾਂ ਦੂਰ ਹੀ ਨਸਦੇ ਨੇ।
ਸੇਹ ਦਾ ਤਕਲਾ ਗਡਿਆ ਕਢਦੇ ਨਾ,
ਬਿਆਨਬਾਜ਼ੀ ਦਾ ਤੀਰ ਹੀ ਕਸਦੇ ਨੇ।
ਚਾਰ ਦਿਨ ਵਿਰੋਧਤਾ ਕਰਨ ਮਗਰੋਂ,
ਉਸੇ ਟੱਬਰ ਦੇ ਵਿਚ ਜਾ ਵਸਦੇ ਨੇ।
ਸਿੱਖ ਸਿਆਸਤ ਤੋਂ ਲਥਦਾ ਗ੍ਰਹਿਣ ਹੈ ਨੀ,
ਤਾਹੀਉਂ ਮੁਕਦਾ ਨਹੀਂ ਕਲੇਸ਼ ਯਾਰੋ।
ਦੂੱਲੇ ਵਲੋਂ ਜੋ ਕੀਤੀਆਂ ਹੁੰਦੀਆਂ ਨੇ,
ਆ ਜਾਂਦੀਆਂ 'ਲੱਧੀ' ਦੇ ਪੇਸ਼ ਯਾਰੋ!

**– ਤਰਲੋਚਨ ਸਿੰਘ ਦੁਪਾਲਪੁਰ**

## .ਗ਼ਜ਼ਲ

ਰਾਹੀ ਨਾ ਬਣ ਤੂੰ ਹਨੇਰੀ ਕਾਲੀ ਰਾਤ ਦਾ।
ਨੂਰ ਤੱਕ ਸੱਜਣਾ ਸੁਨਹਿਰੀ ਪ੍ਰਭਾਤ ਦਾ।
ਅੱਜ ਤੇਰੇ ਸਭ ਸਾਥੀ ਅੱਗੇ ਲੰਘ ਗਏ,
ਅਗੋਂ ਲਈ ਖਿਆਲ ਰੱਖੀਂ ਇਸ ਬਾਤ ਦਾ।
ਰਲ ਮਿਲ ਘੁਲ ਏਥੇ ਹੋਏ ਸਭ ਇੱਕ ਹਾਂ,
ਰਿਹਾ ਨਾ ਫਰਕ ਹੁਣ ਕਿਸੇ ਜਾਤ ਦਾ।
ਮਾਡਰਨ ਵਿਆਹ ਯਾਰੋ ਅੱਖੀਂ ਵੇਖਿਆ,
ਲੱਗਿਆ ਨਾ ਪਤਾ ਆਈ ਜੁ ਬਾਰਾਤ ਦਾ।
ਧੀ-ਭੈਣ ਕਿੱਦਾਂ ਫੇਰ ਗੁਆਊ ਜ਼ਿੰਦਗੀ,
ਚੰਨ ਚਨੀ ਨਜ਼ਾਰੇ ਮਾਣੂ ਪੂਰਨਮਾਸੀ ਰਾਤ ਦਾ।
ਸਾਉਣ ਦੇ ਮਹੀਨੇ ਜੀਹਦਾ ਘਰ ਢਹਿ ਗਿਆ,
ਉਹਨੂੰ ਕੀ ਲਾਭ ਹੈ ਪੈਂਦੀ ਬਰਸਾਤ ਦਾ।
ਪੱਲ ਪੈਂਦਾ ਨਾ ਕੁੱਝ ਨ੍ਹੇਰੇ ਚ ਹੱਥ ਮਾਰਿਆ,
ਸੁੱਚੀ ਕਿਰਤ ਚ ਵਾਧਾ ਦਿਨ ਦੂਣੀ ਰਾਤ ਦਾ।
ਆਜ਼ਾਦ ਅਣਖ ਲਈ ਸ਼ੀਸ਼ ਕਟਾਏ ਜਾਣਗੇ,
ਫੇਰ ਜਲਣਗੇ ਦੀਪ ਉਤੂ ਹਨ੍ਹੇਰਾ ਕਾਲੀ ਰਾਤ ਦਾ।



*** ਰਣਜੀਤ ਆਜ਼ਾਦ ਕਾਂਝਲਾ ***

## ਕਰਮਾਂ ਜਲਿਆ

ਕਿਸੇ ਕਿਹਾ ਉਸ ਕਰਮਾਂ ਜਲ਼ਿਆ
ਕਰਮਾਂ ਜਲ਼ਿਆਂ ਓਥੇ ਈ ਖਲ਼ਿਆ
ਖੌਰੇ ਕਿਹਨਾਂ ਕਰਮਾਂ ਦਾ ਫ਼ਲ
ਭੋਗ ਰਿਹਾ ਹੈ ਕਰਮਾਂ ਜਲ਼ਿਆ
ਕਰਮਾਂ ਜਲ਼ਿਆ ਉੱਠ ਖੜ੍ਹ ਚੱਲਿ ...ਆ... !
ਹਿੰਮਤ ਤਾਂਈਂ ਯਾਰ ਬਣਾਕੇ
ਪਿੱਛੇ ਪਿੱਛੇ ਤੂੰ ਵੀ
ਚੱਲਿ ..ਆ.... !
ਕਿਉਂ ਕਹਾਵੇਂ ਕਰਮਾਂ ਜਲ਼ਿਆ
ਤੈਨੂੰ ਕਰਮ ਉਡੀਕ ਰਿਹਾ ਹੈ...
ਉੱਠ ਖੜ ਤੁਰਪੈ
ਆਜਾ ਚੱਲਿ ...ਆ.... !
ਹੱਥੀਂ ਆਪਣੇ ਕਰਮ ਬਣਾ ਲੈ
ਕਿਸਮਤ ਘੜਲੈ
ਕਿਉਂ ਤੂੰ ਖਲ਼ਿਆ
ਮਾਣਸ ਜਨਮ ਫੇਰ ਨਹੀਂ ਮਿਲਣਾ
ਝੂਰ ਰਿਹੈਂ ਕਿਉਂ ਏਥੇ ਖਲ਼ਿਆ....
ਹਿੰਮਤ ਨੇ ਸਰ ਪਰਬਤ ਕੀਤੇ
ਸਿਖਰਾ ਤਾਂਈਂ ਜਾਕੇ ਮੱਲਿਆ...
ਦੁੱਖ ਦਰਦਾਂ ਨੇ ਇੰਝ ਨਹੀਂ ਭੱਜਣਾ
ਭੱਜ ਜਾਵਣਗੇ
ਜੇ ਉੱਠ ਚੱਲਿਆ...
ਏਹੀ ਸਮਾਂ ਸੰਭਾਲ਼ ਲੈ ਆਪਣਾ
ਕਿਰਤਾਂ ਦਾ ਰਾਹ ਰੱਬ ਨੂੰ ਚੱਲਿਆ......।



**ਗੁਰਜਿੰਦਰ ਸਿੰਘ ਰਸੀਆ**
**ਧਨੌਲਾ (ਬਰਨਾ.ਲਾ)**

## ਸੁੱਕਾ ਰੋਅਬ ਜਮਾਈ ਜਾਨੈਂ

ਸਿਰ ਤੇ ਤੇਰੇ ਕੇਸ ਨਹੀਂ,
ਸਿੱਖੀ ਵਾਲਾ ਤੇਰਾ ਵੇਸ ਨਹੀਂ,
ਕੁੱਝ ਸਿੱਖਣ ਦੀ ਤੈਨੂੰ ਚੇਟ ਨਹੀਂ,
ਤੈਨੂੰ ਗੱਲ ਅਕਲ ਦੀ ਮੇਚ ਨਹੀਂ,
ਸਿੱਖੀ ਦੀ ਪੱਤ ਤੂੰ ਲਾਹੀ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

ਧਰਮ ਦੇ ਵੱਲ ਤੂੰ ਤੁਰਿਆ ਨਹੀਂ,
ਤੈਨੂੰ ਵਿਰਸੇ ਦਾ ਅੱਖਰ ਫੁਰਿਆ ਨਹੀਂ,
ਪਛਤਾਵਾ ਕਰ ਤੂੰ ਝੁਰਿਆ ਨਹੀਂ,
ਹਲੀਮੀ ਦਾ ਸਬਕ ਤੂੰ ਗੁੜ੍ਹਿਆ ਨਹੀਂ,
ਪਰ ਦੂਜਿਆਂ ਨੂੰ ਸਬਕ ਪੜ੍ਹਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

ਚੰਗੇ ਰਾਹ ਕਦਮ ਟਿਕਾਉਂਦਾ ਨਹੀਂ,
ਕਦੀ ਸੁਚੱਜੇ ਪੂਰਨੇ ਪਾਉਂਦਾ ਨਹੀਂ,
ਗੁਰੂਆਂ ਤੋਂ ਭੁੱਲ ਬਖਸ਼ਾਉਂਦਾ ਨਹੀਂ,
ਮਨੱਖਤਾ ਦਾ ਗੀਤ ਤੂੰ ਗਾਉਂਦਾ ਨਹੀਂ,
ਬੇਤਾਲੇ ਹੀ ਸਾਜ਼ ਖੜਕਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

ਤੂੰ ਵੈਸਾਖੀ ਹਰ ਸਾਲ ਮਨਾਉਂਦਾ ਏਂ,
ਕਾਰਾਂ ਵਿੱਚ ਖੌਰੂ ਪਾਉਂਦਾ ਏਂ,
ਛਕ ਦਾਰੂ ਸਿਗਰਟ ਲਾਉਂਦਾ ਏਂ,
ਨਿੱਤ ਨਵੇਂ ਪੁਆੜੇ ਪਾਉਂਦਾ ਏਂ,
ਧੱਕੇ ਨਾਲ ਸਿੰਘ ਕਹਾਈ ਜਾਨੈਂ,
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ।

ਜੇ ਨਾ ਸਮਝਿਆ ਤੂੰ ਮਿਟ ਜਾਣਾ,
ਹੋ ਦੁਨੀਆ ਸਾਹਮੇਂ ਠਿੱਠ ਜਾਣਾ,
ਤੈਨੂੰ ਦੂਜੇ ਧਰਮਾਂ ਜਿੱਤ ਜਾਣਾ,
ਇਹ ਧਰਮ ਤੇਰਾ ਹੁਣ ਪਿੱਟ ਜਾਣਾ,
ਤੂੰ ਹਾਲੇ ਵੀ ਕੰਨੀ ਕਤਰਾਈ ਜਾਨੈਂ?
ਐਵੇਂ ਸੁੱਕਾ ਰੋਅਬ ਜਮਾਈ ਜਾਨੈਂ!

**ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ**

## .ਗ਼ਜ਼ਲ

ਸੁਪਨਿਆਂ ਦੇ ਅੰਬਰਾਂ ਦੇ ਤਾਰਿਓ
ਸੂਰਜਾਂ ਦੀ ਚਮਕ ਤੋਂ ਨਾ ਹਾਰਿਓ ।
ਦੌਲਤਾਂ ਹਨ ਜੱਗ ਉੱਤੇ ਬੇਸ਼ੁਮਾਰ
ਮੁੱਲ ਸੁਪਨੇ ਵੇਚਕੇ ਨਾ ਤਾਰਿਓ ।
ਠੋਕਰਾਂ ਮਾਰੇ ਜ਼ਮਾਨਾ ਲੱਖ ਵਾਰ
ਜਿੱਤ ਦਾ ਪੱਕਾ ਇਰਾਦਾ ਧਾਰਿਓ ।
ਮੌਸਮਾਂ ਤੇ ਆਉਣਗੇ ਕਿੰਨੇ ਗੁਬਾਰ
ਸਿਦਕ ਤੋਂ ਨਾ ਮਨ ਕਦੇ ਵੀ ਹਾਰਿਓ।।
ਹੋਣਗੇ ਕਿੰਨੇ ਮਖੌਟੇ ਬੇਨਿਕਾਬ
ਚਿਹਰਿਆਂ ਤੋਂ ਪਾਰ ਨਜ਼ਰਾਂ ਮਾਰਿਓ ।



**-ਰੁਪਿੰਦਰ ਖ਼ੈਰਾ ਰੂਪੀ**

## ਕੀ ਤੋਂ ਕੀ

**ਹਰਮਿੰਦਰ ਸਿੰਘ ਕੋਹਾਰਵਾਲਾ**

ਲੋਕ ਹਿੱਤਾਂ ਦੇ ਭਰੋਸੇ, ਸਭ ਉਡੰਤਰ ਹੋ ਗਏ।
ਠੱਗ ਧਨੀਆਂ ਦੇ ਖਿਡੌਣੇ, ਰਾਜ ਤੰਤਰ ਹੋ ਗਏ।
ਸੂਰਬੀਰਾਂ ਛਾਤੀਆਂ 'ਤੇ, ਖਾਧੀਆਂ ਨੇ ਗੋਲ਼ੀਆਂ,
ਕਮਦਿਲਾਂ ਦੇ ਵਾਸਤੇ ਪਰ, ਖਾਰ ਖੰਜਰ ਹੋ ਗਏ।
ਸ਼ਬਦ ਅਮਲਾਂ ਵਾਸਤੇ ਹੀ, ਸਨ ਉਚਾਰੇ ਸਤਿਗੁਰਾਂ,
ਪਰ ਪੁਜਾਰੀ ਵਾਸਤੇ ਸਭ, ਸ਼ਬਦ ਮੰਤਰ ਹੋ ਗਏ।
ਲਹਿ ਗਏ ਹਨ ਉਹ ਮਨਾਂ 'ਚੋਂ, ਤਖਤ 'ਤੇ ਲੱਖ ਰਹਿਣ ਉਹ,
ਬੂਥ ਲੁੱਟਣ ਦੇ ਸਹਾਰੇ, ਜੋ ਸਿਕੰਦਰ ਹੋ ਗਏ।
ਹੁਣ ਸਕੂਲਾਂ ਕਾਲਜਾਂ ਬਾਰੇ ਉਲੀਕੋ ਯੋਜਨਾ,
ਗੁਰਦੁਆਰੇ ਮਸਜਿਦਾਂ ਤੇ ਬਹੁਤ ਮੰਦਰ ਹੋ ਗਏ।
ਮੁਲਕ ਦੀ ਸਾਰੀ ਤਰੱਕੀ, ਦੇਣ ਹੈ ਮਜ਼ਦੂਰ ਦੀ,
ਪਰ ਮਜ਼ੂਰਾਂ ਵਾਸਤੇ ਕਿਉਂ, ਟੁੱਕ ਖੰਗਰ ਹੋ ਗਏ।
ਸੋਗ ਦੀ ਨਾ ਝਲਕ ਕਿਧਰੇ, ਪੱਕ ਰਹੇ ਪਕਵਾਨ ਹਨ,
ਭੋਗ ਬਿਰਧਾਂ ਦੇ ਵਿਖਾਵਾ, ਤੇ ਅਡੰਬਰ ਹੋ ਗਏ।
ਕੀ ਕਰੇਂਗਾ ਜਿੱਤ ਕੇ ਤੂੰ, ਰਾਖ਼ ਹੋਈ ਧਰਤ ਨੂੰ,
ਵੇਖ ਬੰਬਾਂ ਨੇ ਖਿਲਾਰੇ, ਸ਼ਹਿਰ ਖੰਡਰ ਹੋ ਗਏ।

## ਗਾਂਧਲ

**ਅਮਰਜੀਤ ਸਿੰਘ 'ਫ਼ੌਜੀ'**

ਸਮੇਂ ਦੀ ਗਾਂਧਲ ਉੱਤੇ ਬਹਿ ਕੇ
ਦੇਖੀ ਜਾਹ ਰੰਗ ਟਿੰਡਾਂ ਦੇ
ਹਲਟ ਦੇ ਕੁੱਤੇ, ਫੇਲ੍ਹ ਕਰਾਉਂਦੇ
ਟੋਲੇ ਫਿਰਨ ਭਰਿੰਡਾਂ ਦੇ
ਪਿੰਡ ਦੀ ਨੂੰਹ ਧੀ ਰਹੀ ਨਾ ਸਾਂਝੀ,
ਭਾਈਚਾਰਾ ਭੁੱਲ ਬੈਠੇ
ਸ਼ਹਿਰੀਆਂ ਵਾਂਗ ਹੋਏ ਨਿਰਮੋਹੇ,
ਖੁੱਲ੍ਹਦਿਲੇ ਲੋਕ ਪਿੰਡਾਂ ਦੇ
ਦੁੱਧ, ਘਿਓ, ਮੱਖਣ ਮੇਵਾ ਛੱਡ ਕੇ
ਨਸ਼ਿਆਂ ਦੇ ਰਾਹ ਪੈ ਗਏ ਨੇ
ਬੁਲਟਾਂ ਦੇ ਨਾਲ ਪਾਉਣ ਪਟਾਕੇ
ਪੱਟੇ ਫੋਕੀਆਂ ਹਿੰਡਾਂ ਦੇ
ਕਰਜ਼ੇ ਹੇਠਾਂ ਦੱਬੇ 'ਫ਼ੌਜੀਆ'
ਅੰਦਰੋ ਅੰਦਰੀ ਸੁਬਕ ਰਹੇ
ਬੀਜਣ ਕਿੱਕਰਾਂ, ਲੱਭਣ ਦਾਖਾਂ,
ਜਾਪਣ ਝੁੰਡ ਇਰੰਡਾਂ ਦੇ।




# ਸਾਕਾ ਨਕੋਦਰ ਦੇ ਸ਼ਹੀਦਾਂ ਦਾ 37ਵਾਂ ਸ਼ਹੀਦੀ ਦਿਹਾੜਾ ਅਮਰੀਕਾ, ਕੈਨੇਡਾ, ਫਰਾਂਸ ਅਤੇ ਹੋਰ ਮੁਲਕਾਂ ਦੇ ਗੁਰਦੁਆਰਿਆਂ ਵਿਚ ਪੂਰਨ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ




ਸੈਕਰਾਮੈਂਟੋ:37ਵੀਂ ਬਰਸੀ ਮਨਾਉਣ ਲਈ ਸੈਨ ਹੋਜ਼ੇ ਦੇ ਸਿੱਖ ਗੁਰਦੁਆਰਾ ਸਾਹਿਬ ਵਿਖੇ ਸਾਕਾ ਨਕੋਦਰ ਸ਼ਹੀਦੀ ਯਾਦ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨੇ ਸ਼ਿਰਕਤ ਕੀਤੀ। ਡਾ: ਹਰਿੰਦਰ ਸਿੰਘ ਜੋ ਸ਼ਹੀਦਾਂ ਵਿੱਚੋਂ ਇੱਕ ਦੇ ਰਿਸ਼ਤੇਦਾਰ ਹਨ, ਨੇ ਇੱਕ ਸਲਾਈਡ ਸ਼ੋ ਦੀ ਵਰਤੋਂ ਕਰਦੇ ਹੋਏ ਦਸਤਾਵੇਜ਼ ਦਿਖਾ ਕੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ ਪੇਸ਼ਕਾਰੀ ਕੀਤੀ ਜੋ ਦਰਸਾਉਂਦੀ ਹੈ ਕਿ ਕਿਵੇਂ ਰਾਜ ਦੇ ਅਧਿਕਾਰੀਆਂ, ਕਾਨੂੰਨ ਨਿਰਮਾਤਾਵਾਂ, ਪੁਲਿਸ ਅਤੇ ਨਿਆਂਪਾਲਿਕਾ ਦੁਆਰਾ ਨਿਆਂ ਵਿੱਚ ਦੇਰੀ ਕੀਤੀ ਗਈ ਹੈ ਜਦੋਂ ਕਿ ਜ਼ਿਆਦਾਤਰ ਦੋਸ਼ੀਆਂ ਦੀ ਬਿਨ੍ਹਾਂ ਕਿਸੇ ਮੁਕੱਦਮੇ ਜਾਂ ਸਜ਼ਾ ਦਾ ਸਾਹਮਣਾ ਕਰਦੇ ਹੋਏ ਮੌਤ ਹੋ ਗਈ ਹੈ, ਜ਼ਿਆਦਾਤਰ ਗਵਾਹਾਂ ਦੀ ਮੌਤ ਹੋ ਗਈ ਹੈ ਅਤੇ ਪੀੜਤਾਂ ਦੇ ਮਾਤਾ-ਪਿਤਾ ਵਿੱਚੋਂ ਤਿੰਨ ਦੀ ਮੌਤ ਇਨਸਾਫ਼ ਤੋਂ ਬਿਨਾਂ ਹੋ ਗਈ ਹੈ। ਕੇਵਲ ਰਵਿੰਦਰ ਸਿੰਘ ਦੇ ਮਾਤਾ-ਪਿਤਾ ਅਜੇ ਜ਼ਿੰਦਾ ਹਨ ਅਤੇ ਉਨ੍ਹਾਂ ਨੇ ਸਥਾਨਕ, ਜ਼ਿਲ੍ਹਾ, ਸੂਬਾ ਅਤੇ ਕੇਂਦਰ ਦੇ ਹਰ ਪੱਧਰ ‘ਤੇ ਇਨਸਾਫ਼ ਦੀ ਮੰਗ ਕੀਤੀ ਹੈ। ਰਾਜ ਦੇ ਗਠਿਤ ਜਾਂਚ ਕਮਿਸ਼ਨ ਦਾ ਸਿਰਫ਼ ਇੱਕ ਹਿੱਸਾ ਪ੍ਰਾਪਤ ਹੋਣ ਵਿੱਚ 33 ਸਾਲ ਲੱਗ ਗਏ ਅਤੇ ਬਾਕੀ ਦੀ ਰਿਪੋਰਟ ਅਜੇ ਵੀ ਦੱਬੀ ਹੋਈ ਹੈ। ਰਾਜ ਦੇ ਰਾਜਪਾਲ ਅਤੇ ਦੇਸ਼ ਦੇ ਰਾਸ਼ਟਰਪਤੀ ਕੋਲ ਦਾਇਰ ਸ਼ਿਕਾਇਤਾਂ, ਰਾਜ ਵਿਧਾਨ ਸਭਾ ਦੇ ਪ੍ਰਤੀਨਿਧਾਂ, ਮੁੱਖ ਮੰਤਰੀ, ਸੰਸਦ ਮੈਂਬਰਾਂ ਨੂੰ ਪਟੀਸ਼ਨਾਂ ਨੇ ਅੱਤਿਆਚਾਰ ਦੇ ਸਹਾਇਕਾਂ ਅਤੇ ਉਕਸਾਉਣ ਵਾਲਿਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਸਹਾਇਤਾ ਨਹੀਂ ਕੀਤੀ।

ਸ: ਸੁਖਦੇਵ ਸਿੰਘ ਬੈਣੀਵਾਲ ਇੰਚਾਰਜ ਧਾਰਮਿਕ ਮਾਮਲੇ ਅਤੇ ਸੈਨਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਨੇ ਰਵਿੰਦਰ ਸਿੰਘ ਅਤੇ ਝਿਲਮਣ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਅਤੇ ਸੈਨਹੋਜ਼ੇ ਸ਼ਹਿਰ ਅਤੇ ਸੈਂਟਾ ਕਲਾਰਾ ਦੀ ਕਾਉਂਟੀ ਵਿੱਚ ਸਾਕਾ ਨਕੋਦਰ ਦਿਵਸ ਦੇ ਐਲਾਨਨਾਮੇ ਦੇ ਪ੍ਰਬੰਧਾਂ ਵਿੱਚ ਇੱਕਜੁਟਤਾ ਨਾਲ ਖੜੇ ਹੋਣ ਅਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ।

ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਸਪੀਕਰ ਨੂੰ ਵੀ ਅਪੀਲ ਕੀਤੀ ਕਿ ਉਹ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਦੀ ਪੂਰੀ ਰਿਪੋਰਟ ਜਨਤਕ ਕਰਨ ਅਤੇ ਬਿਨਾਂ ਕਿਸੇ ਦੇਰੀ ਦੇ ਕਾਨੂੰਨ ਦੇ ਰਾਜ ਦੀ ਲੋੜ ਅਨੁਸਾਰ ਐਕਸ਼ਨ ਟੇਕਨ ਰਿਪੋਰਟ ਜਾਰੀ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ।

ਪੇਸ਼ਕਾਰੀ ਨੂੰ ਸੁਣਨ ਅਤੇ ਦੇਖਣ ਵਾਲੇ ਬਹੁਤ ਸਾਰੇ ਲੋਕ ਇਸ ਬੇਰਹਿਮ ਅੱਤਿਆਚਾਰ ਵਿੱਚ ਇਨਸਾਫ਼ ਨਾ ਮਿਲਣ ਕਾਰਨ ਹੈਰਾਨ, ਬੇਬੱਸ ਅਤੇ ਪਰੇਸ਼ਾਨ ਸਨ।

ਕੈਨੇਡਾ ਦੇ ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਿਖੇ ਸਾਕਾ ਨਕੋਦਰ ਦੀ 37ਵੀਂ ਬਰਸੀ ਮਨਾਈ ਗਈ।

ਸਰੀ, ਕਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਵਿੱਚ ਪ੍ਰਮੁੱਖ ਬੁਲਾਰਿਆਂ ਵਿੱਚ ਸ਼ਾਮਲ ਸਨ, ਸੁਨੀਲ ਕੁਮਾਰ ,ਰਣਜੀਤ ਸਿੰਘ, ਧਰਮ ਸਿੰਘ, ਗੁਰਮੀਤ ਸਿੰਘ ਤੂਰ, ਅਤੇ ਹਰਦੀਪ ਸਿੰਘ ਨਿੱਝਰ, ਜੋ ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ ਸਰੀ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਂਦੇ ਹਨ।

ਸਮਾਗਮ ਦੌਰਾਨ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਰਿਸ਼ਤੇਦਾਰ ਜਤਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਬੌਬੀਨੀ, ਫਰਾਂਸ ਵਿੱਚ ਸਿੰਘ ਸਭਾ ਗੁਰਦੁਆਰਾ ਅਤੇ ਫੇਅਰਫੈਕਸ, ਵਰਜੀਨੀਆ, ਯੂ ਐਸ ਏ ਵਿੱਚ ਸਿੰਘ ਸਭਾ ਗੁਰਦੁਆਰਾ ਸਾਹਿਬਾਨ ਵਿੱਚ ਵੀ ਸਾਕਾ ਨਕੋਦਰ ਦੇ ਸ਼ਹੀਦਾਂ ਦਾ 37ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ।

# ਹਾਕੀ:ਜਰਮਨੀ ਨੇ ਬੈਲਜੀਅਮ ਨੂੰ 5-4 ਨਾਲ ਹਰਾਇਆ ਬਣਿਆ ਵਿਸ਼ਵ ਚੈਂਪੀਅਨ

ਭੁਬਨੇਸ਼ਵਰ:-ਹਾਕੀ ਵਿਸ਼ਵ ਕੱਪ ਦੇ ਫਾਈਨਲ ਵਿਚ ਜਰਮਨੀ ਨੇ ‘ਸਡਨ ਡੈਥ ਸ਼ੂਟ-ਆਊਟ’ ਵਿਚ ਬੈਲਜੀਅਮ ਨੂੰ 5-4 ਨਾਲ ਹਰਾ ਕੇ ਵਿਸ਼ਵ ਕੱਪ ’ਤੇ ਕਬਜ਼ਾ ਕਰ ਲਿਆ।

ਇਸ ਤੋਂ ਪਹਿਲਾਂ ਨਿਯਮਿਤ ਸਮੇਂ ਤੱਕ ਦੋਵੇਂ ਟੀਮਾਂ 3-3 ਦੀ ਬਰਾਬਰੀ ਉਤੇ ਸਨ। ਜਰਮਨੀ ਨੇ ਤੀਜੀ ਵਾਰ ਵਿਸ਼ਵ ਕੱਪ ਖ਼ਿਤਾਬ ਜਿੱਤਿਆ ਹੈ। ਜਰਮਨੀ ਮੈਚ ਵਿਚ ਪਹਿਲਾਂ 2-0 ਨਾਲ ਪੱਛੜਿਆ ਹੋਇਆ ਸੀ ਪਰ ਮਗਰੋਂ ਉਸ ਨੇ ਜ਼ਬਰਦਸਤ ਵਾਪਸੀ ਕਰਦਿਆਂ 3-2 ਦੀ ਲੀਡ ਬਣਾ ਲਈ। ਇਸ ਤੋਂ ਪਹਿਲਾਂ ਕਪਤਾਨ ਥਿਏਰੀ ਬ੍ਰਿੰਕਮੈਨ ਦੇ ਦੋ ਗੋਲਾਂ ਦੀ ਮਦਦ ਨਾਲ ਨੈਦਰਲੈਂਡਜ਼ ਨੇ ਆਸਟਰੇਲੀਆ ਨੂੰ 3-1 ਨਾਲ ਹਰਾ ਕੇ ਕਾਂਸੇ ਦਾ ਤਗ਼ਮਾ ਜਿੱਤਿਆ।


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ




Amarjit Singh Garcha

604-306-3276

Big Or Small, We Do It All





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

ਦੇਗ ਤੇਗ ਫ਼ਤਿਹ PHONE (604) 254-2117, FAX: (604) 254-5309 ਪੰਥ ਕੀ ਜੀਤ

9 ਫਰਵਰੀ, ਦਿਨ ਵੀਰਵਾਰ..........ਵੱਡਾ ਘੱਲੂਘਾਰਾ ਦਿਹਾੜਾ ਹੈ।

11 ਫਰਵਰੀ, ਦਿਨ ਸ਼ਨਿੱਚਰਵਾਰ.....12:30 ਵਜੇ ਸਵ. ਬੀਬੀ ਹਰਜੀਤ ਕੌਰ ਰੰਧਾਵਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

12 ਫਰਵਰੀ, ਦਿਨ ਐਤਵਾਰ.........ਸੰਗਰਾਂਦ ਹੈ, ਸਵੇਰੇ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

13 ਫਰਵਰੀ ਦਿਨ ਸੋਮਵਾਰ..........ਸ਼ਾਮ 3:30 ਵਜੇ ਸਵਰਗਵਾਸੀ ਬੀਬੀ ਸੁਰਿੰਦਰ ਕੌਰ ਮਿਨਹਾਸ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

18 ਫਰਵਰੀ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਦਲਜੀਤ ਕੌਰ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

19 ਫਰਵਰੀ, ਦਿਨ ਐਤਵਾਰ.........ਸਵੇਰ ਨੂੰ ਲੰਗਰ ਦੀ ਸੇਵਾ ਬੀਬੀ ਬਲਵੀਰ ਕੌਰ ਘੱਗ ਅਤੇ ਪਰਿਵਾਰ ਵਲੋਂ ਹੋਵੇਗੀ।

19 ਫਰਵਰੀ, ਦਿਨ ਐਤਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਪਰਮਜੀਤ ਸਿੰਘ ਚੌਹਾਨ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ     ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਮਾਸਟਰ : ਤੇਰੇ ਪਿਤਾ ਦੀ ਉਮਰ ਕਿੰਨੀ ਹੈ ?
ਪੱਪੂ: ਜਿੰਨੀ ਉਮਰ ਦਾ ਮੈ ਹਾਂ।
ਮਾਸਟਰ: ਇਹ ਕਿਵੇਂ ਸੰਭਵ ਹੈ?
ਪੱਪੂ: ਜਿਸ ਦਿਨ ਮੈਂ ਜੰਮਿਆਂ ਸੀ ਉਸ ਦਿਨ ਉਹ ਪਿਤਾ ਬਣਿਆ ਸੀ।

*************

ਐਡਵੋਕੇਟ: ਤਲਾਕ ਕਰਵਾਉਂਣ ਦੇ 10,000 ਰੁਪਏ ਲੱਗਣਗੇ।
ਪਤੀ:ਪਾਗਲ ਹੋ?ਪੰਡਿਤ ਨੇ 101 ਰੁਪਏ ਮੈਂ ਸ਼ਾਦੀ ਕਰਵਾ ਦਿਤੀ ਸੀ।
ਐਡਵੋਕੇਟ: ਦੇਖ ਲਿਆ ਫਿਰ ਸਸਤੇ ਦਾ ਨਤੀਜਾ

*************

ਪਹਿਲਾ ਦੋਸਤ: ਮੇਰੀ ਪਤਨੀ ਨੇ ਮੈਨੂੰ ਧਾਰਮਿਕ ਬਣਾਂ ਦਿੱਤਾ।
ਦੂਜਾ ਦੋਸਤ: ਸੱਚਮੁੱਚ?
ਪਹਿਲਾ ਦੋਸਤ: ਹਾਂ! ਜਦੋਂ ਤੱਕ ਮੈਂ ਉਸ ਨਾਲ ਵਿਆਹ ਨਹੀਂ ਕੀਤਾ, ਮੈਨੂੰ ਨਰਕ ਵਿੱਚ ਵਿਸ਼ਵਾਸ ਹੀ ਨਹੀਂ ਸੀ!

*************

ਪਤਨੀ - ਕਾਲਜ ਦੇ ਬਾਰੇ ਤੁਹਾਡਾ ਕੋਈ ਬੁਰਾ ਅਨੁਭਵ ਹੈ?
ਪਤੀ- ਹਾਂ, ਤੇਰੀ ਅਤੇ ਮੇਰੀ ਪਹਿਲੀ ਮੁਲਕਾਤ ਕਾਲਜ ਵਿੱਚ ਹੀ ਹੋਈ ਸੀ।

*************

ਬੰਟੀ ਨੇ ਆਪਣੀ ਬਾਂਹ ਤੇ ਬਲੇਡ ਨਾਲ ਆਪਣੀ ਗਰਲ ਫੇਂਡ ਦਾ ਨਾਮ ਲਿੱਖ ਲਿਆ
ਅਤੇ ਫਿਰ 5 ਮਿੰਟ ਬਾਅਦ ਜੋਰ ਜੋਰ ਦੀ ਰੋਣ ਲਗਿਆ।
ਸੰਟੀ;- : ਓਏ ਕਾਹਨੂੰ ਰੋਂਦਾ ਓਏ ?
ਬੰਟੀਸੰਤਾ: ਮੈਥੋ ਸਪੈਲਿੰਗ ਗਲਤ ਲਿਖੇ ਗਏ!

*************

ਪਤੀ: ਮੇਰੇ ਮਰਨ ਤੋਂ ਬਾਅਦ, ਕੀ ਤੂੰ ਦੂਸਰੀ ਸ਼ਾਦੀ ਕਰੇਂਗੀ?
ਪਤਨੀ: ਨਹੀਂ ਮੈ ਆਪਣੀ ਭੈਣ ਨਾਲ ਰਹਿ ਲਵਾਂਗੀ।ਪਰ ਜੇ ਮੈਂ ਮਰ ਗਈ ਤਾਂ ਤੁਸੀ ਕੀ ਕਰੋਗੇ?
ਪਤੀ: ਮੈਂ ਵੀ ਤੇਰੀ ਭੈਣ ਨਾਲ ਹੀ ਰਹਿ ਲਵਾਂਗਾ!

*************

ਸੰਤਾ ਤੇ ਬੰਤਾ ਕਾਰ ਰਾਹੀ ਕਿਸੇ ਮਿੱਤਰ ਨੂੰ ਮਿਲਣ ਜਾ ਰਹੇ ਸਨ।
ਕਾਰ ਚਲਾਉਂਦੇ ਹੋਏ ਸੰਤੇ ਨੂੰ ਸੜਕ ਵਿੱਚ "ਐਕਸੀਡੈਂਟ ਜ਼ੋਨ" ਦਾ ਬੋਰਡ ਦਿਖਿਆ!
ਸੰਤਾ ਆਪਣੇ ਦੋਸਤ ਬੰਤੇ ਨੂੰ ਕਹਿੰਦਾ 'ਸਾਡੇ ਦੇਸ਼ ਨੇ ਕੀ ਤਰੱਕੀ ਕਰਨੀ ਹੈ?
ਐਕਸੀ ਡੈਂਟ ਜ਼ੋਨ ਵਿੱਚ ਤਾਂ ਸੜਕਾਂ ਬਣਾਈ ਜਾਂਦੇ ਨੇ'!

*************

ਮੁੰਡਾ : (ਗਰਲ ਫਰੈਂਡ ਨੂੰ)ਕੱਲ ਮੈ ਤੁਹਾਡੇ ਘਰ ਗਿਆ ਸੀ। ਲਗਦਾ ਹੈ ਅਪਣੀਂ ਸ਼ਾਦੀ ਨਹੀਂ ਹੋਵੇਗੀ।
ਕੁੜੀ : ਕਿਉਂ ? ਪਾਪਾ ਨੂੰ ਮਿਲਿਆ ਸੀ?
ਮੁੰਡਾ: ਨਹੀਂ, ਤੇਰੀ ਭੈਣ ਨੂੰ ਮਿਲਿਆ ਸੀ!

*************

ਪੱਪੂ : ਯਾਰ ਮੇਰੀ ਬੀਵੀ ਪਾਣੀ ਤੋਂ ਬਹੁਤ ਡਰਦੀ ਹੈ।
ਦੋਸਤ: ਅੱਛਾ ਉਹ ਕਿਵੇਂ?
ਸਰਦਾਰ : ਯਾਰ ਕਲ ਮੈਂ ਘਰ ਗਿਆ ਤਾਂ ਨਹਾਉਂਣ ਵਾਲੇ ਟੱਬ ਵਿੱਚ ਵੀ ਸਕਿਉਰਟੀ ਗਾਰਡ ਨਾਲ ਬੈਠੀ ਸੀ!
ਸੇਲਜ਼ਮੈਨ :ਕਾਕਰੋਚ ਮਾਰਨ ਲਈ ਪਾਊਡਰ ਲੈ ਲਵੋ?
ਘਾਹਕ:ਂ ਅਸੀਂ ਕਾਕਰੋਚ ਨੂੰ ਇਨਾ ਲਾਡ ਪਿਆਰ ਨਹੀਂ ਕਰਦੇ ਕੱਲ ਇਹ ਪ੍ਰਫਿਊਮ ਮੰਗੇਗਾ।

*************

ਪਤਨੀ (ਆਪਣੇਂ ਪਤੀ ਨੂੰ) ਚਲੋ ਅੱਜ ਕਿਤੇ ਘੁੰਮਣ ਚੱਲਦੇ ਹਾਂ ਅਤੇ ਡਰਾਇਵਿੰਗ ਮੈਂ ਕਰਾਂਗੀ!
ਪਤੀ:ਅੱਛਾ ਤੇਰਾ ਮਤਲਬ ਜਾਵਾਂਗੇ ਕਾਰ ਵਿੱਚ ਤੇ ਆਵਾਂਗੇ ਕਲ੍ਹ ਦੇ ਅਖਬਾਰ ਵਿੱਚ!

*************

ਅਧਿਆਪਕ( ਵਿਦਿਆਰਥੀ ਨੂੰ) ਕੱਪੜਾ ਕਿਸ ਨੂੰ ਕਹਿੰਦੇ ਹਨ?
ਵਿਸ਼ਾਲ :-ਜੀ ਪਤਾ ਨਹੀਂ !
ਅਧਿਆਪਕ : ਆਹ ਤੇਰੇ ਕੱਛਾ ਕਿਸ ਚੀਜ ਦਾ ਬਣਿਆ ਹੈ?
ਵਿਸ਼ਾਲ:-ਪਾਪਾ ਦੀ ਪੂਰਾਣੀ ਪੈਂਟ ਤੋਂ ਮੰਮੀ ਨੇ ਬਣਾ ਦਿੱਤਾ ਸੀ।

*************

ਇੱਕ ਔਰਤ ਨੇ ਕਸਟਮਰ ਕੇਅਰ ਨੂੰ ਫੋਨ ਕਰ ਕੇ ਗੁੱਸੇ ਵਿੱਚ ਕਿਹਾ, ''ਪਿਛਲੇ ਤਿੰਨ ਘੰਟਿਆਂ ਤੋਂ ਤੁਹਾਡੀ ਕੰਪਨੀ ਦਾ ਇੰਟਰਨੈਂਟ ਨਹੀਂ ਚੱਲ ਰਿਹਾ, ਦੱਸੋ ਮੈਂ ਕੀ ਕਰਾਂ?"ਕਸਟਮਰ ਕੇਅਰ ਵਾਲਾ, ''ਭੈਣ ਜੀ, ਚੱਲਣ ਤੱਕ ਤੁਸੀਂ ਘਰ ਦੇ ਕੰਮ ਹੀ ਕਰ ਲਵੋ।"

***********

ਹਰ ਚੌਕ 'ਚ ਹੈਲਮੇਟਸ ਦੀ ਚੈਕਿੰਗ ਹੋ ਰਹੀ ਸੀ। ਚਾਚਾ ਜੀ ਘਰ ਆਏ ਤਾਂ ਉਨ੍ਹਾਂ ਦੇ ਹੈਲਮੇਟ ਦਾ ਸ਼ੀਸ਼ਾ ਸੁਰਖ ਲਾਲ ਸੀ ਅਤੇ ਕਮੀਜ਼ 'ਤੇ ਲਾਲ ਧੱਬੇ ਸਨ। ਸਾਰੇ ਘਬਰਾ ਗਏ। ਤੁਰੰਤ ਦੋ ਵਿਅਕਤੀ ਸਹਾਰਾ ਦੇ ਕੇ ਉਨ੍ਹਾਂ ਨੂੰ ਘਰ ਅੰਦਰ ਲੈ ਗਏ। ਬਿਜਲੀ ਨਹੀਂ ਸੀ ਤਾਂ ਇੱਕ ਵਿਅਕਤੀ ਪੱਖੀ ਝੱਲਣ ਲੱਗਾ, ਇੱਕ ਨੇ ਜੁੱਤੀ ਅਤੇ ਜੁਰਾਬਾਂ ਲਾਹੁਣੀਆਂ ਸ਼ੁਰੂ ਕੀਤੀਆਂ। ਸਾਰੇ ਸਦਮੇ ਵਿੱਚ ਸਨ। ਇੰਨਾ ਖ਼ੂਨ...?
ਚਾਚਾ ਜੀ ਤੋਂ ਪੁੱਛਿਆ, ''ਚਾਚਾ ਜੀ, ਕੀ ਹੋਇਆ? ਕੋਈ ਵੱਡਾ ਹਾਦਸਾ? ਕਿਤੇ ਡਿੱਗ ਪਏ ਸੀ ਤੁਸੀਂ?"
ਚਾਚਾ ਜੀ ਬੋਲੇ, ''ਨਹੀਂ ਓਏ, ਪਾਨ ਥੁੱਕਣ ਵੇਲੇ ਭੁੱਲ ਗਿਆ ਕਿ ਹੈਲਮੇਟ ਦਾ ਸ਼ੀਸ਼ਾ ਬੰਦ ਹੈ।"

***********

ਪ੍ਰਤੀਯੋਗਤਾ 'ਚ ਸ਼ਰਤ ਲੱਗੀ ਸੀ ਕਿ ਖੁਸ਼ੀ ਨੂੰ ਤਿੰਨ ਸ਼ਬਦਾਂ ਵਿੱਚ ਲਿਖੋ।
ਸਾਰੇ ਕਿਤਾਬਾਂ ਦੇ ਸਫੇ ਫਰੋਲਣ ਲੱਗੇ, ਪਰ ਸੋਨੂੰ ਨੇ ਲਿਖ ਦਿੱਤਾ, ''ਪਤਨੀ ਪੇਕੇ ਗਈ।"
ਉਹ ਪਹਿਲਾ ਇਨਾਮ ਜਿੱਤ ਗਿਆ।

***********

ਨੀਰਜ, ''ਦੁਨੀਆ ਦੇ ਦੋ ਸਭ ਤੋਂ ਘਾਤਕ ਹਥਿਆਰਾਂ ਦੇ ਨਾਂਅ ਦੱਸੋ?"
ਸੁਮਿਤ, ''ਪਤਨੀ ਦੇ ਹੰਝੂ ਤੇ ਗੁਆਂਢਣ ਦੀ ਸਮਾਈਲ।"

***********

ਪਤੀ, ''ਮੈਨੂੰ ਥੱਪੜ ਕਿਉਂ ਮਾਰਿਆ? ਮੈਂ ਕੀ ਗਲਤੀ ਕੀਤੀ?"
ਪਤਨੀ, ''ਤੁਸੀਂ ਕੋਈ ਗਲਤੀ ਕਰੋ, ਉਸ ਦੇ ਲਈ ਮੈਂ ਉਡੀਕ ਥੋੜ੍ਹਾ ਹੀ ਕਰਦੀ ਰਹਾਂਗੀ।"

***********

ਇੱਕ ਬੜਾ ਕਮਜ਼ੋਰ ਆਦਮੀ ਬਾਜ਼ਾਰ 'ਚ ਜਾ ਰਿਹਾ ਸੀ। ਉਸੇ ਵੇਲੇ ਉਥੋਂ ਇੱਕ ਔਰਤ ਆਪਣੀ ਕਾਰ ਲੈ ਕੇ ਆਈ ਅਤੇ ਆਦਮੀ ਨੂੰ ਉਸ ਵਿੱਚ ਬੈਠਣ ਲਈ ਕਿਹਾ। ਆਦਮੀ ਖੁਸ਼ ਹੋ ਗਿਆ ਅਤੇ ਸੋਚਣ ਲੱਗਾ ਕਿ ਕਾਸ਼! ਮੈਂ ਇਸ ਨੂੰ ਪਸੰਦ ਆ ਜਾਵਾਂ।
ਔਰਤ ਨੇ ਘਰ ਜਾ ਕੇ ਉਸ ਨੂੰ ਇੱਕ ਕਮਰੇ ਵਿੱਚ ਬਿਠਾ ਦਿੱਤਾ ਅਤੇ ਅੰਦਰੋਂ ਆਪਣੇ ਬੱਚਿਆਂ ਨੂੰ ਲੈ ਆਈ।
ਫਿਰ ਬੋਲੀ, ''ਦੇਖੋ ਬੱਚਿਓ, ਜੇ ਤੁਸੀਂ ਠੀਕ ਤਰ੍ਹਾਂ ਖਾਣਾ ਨਹੀਂ ਖਾਓਗੇ ਤਾਂ ਬਿਲਕੁਲ ਇਸ ਆਦਮੀ ਵਰਗੇ ਹੋ ਜਾਵੋਗੇ।"
ਮਹਿੰਦਰ (ਹੋਟਲ ਵਾਲੇ ਨੂੰ), ''ਥੋੜ੍ਹੀਆਂ ਪਿਆਜ਼ ਦੀਆਂ ਛਿੱਲਾਂ ਚਾਹੀਦੀਆਂ ਹਨ।"
ਹੋਟਲ ਵਾਲਾ, ''...ਪਰ ਪਿਆਜ਼ ਦੀਆਂ ਛਿੱਲਾਂ ਦਾ ਕੀ ਕਰੋਗੇ?"
ਮਹਿੰਦਰ, ''ਕੁੜੀ ਵਾਲੇ ਦੇਖਣ ਆ ਰਹੇ ਹਨ, ਛਿੱਲਾਂ ਬਾਹਰ ਡਸਟਬਿਨ ਵਿੱਚ ਪਾ ਕੇ ਰੱਖਾਂਗਾ ਤਾਂ ਜੋ ਉਨ੍ਹਾਂ ਨੂੰ ਲੱਗੇ ਕਿ ਮੈਂ ਖਾਂਦੇ-ਪੀਂਦੇ ਘਰ ਤੋਂ ਹਾਂ।"

***********

ਪੁੱਤਰ-ਪਾਪਾ, ਮਾਸਟਰ ਜੀ ਤਾਂ ਸਾਰਾ ਦਿਨ ਸਾਡੇ ਕੋਲੋਂ ਹੀ ਪੁੱਛਦੇ ਰਹਿੰਦੇ ਹਨ। ਦੱਸੋ ਬੱਚਿਓ ! ਬਾਬਰ ਕਦੋਂ ਪੈਦਾ ਹੋਇਆ? 10+10 ਕਿੰਨੇ ਹੁੰਦੇ ਹਨ। ਉਨ੍ਹਾਂ ਨੂੰ ਆਪ ਤਾਂ ਕੁੱਝ ਵੀ ਨਹੀਂ ਆਉਂਦਾ।
ਬੱਚੇ ਨੇ ਪਿਤਾ ਕੋਲੋਂ ਅਧਿਆਪਕ ਨੂੰ ਦੇਣ ਲਈ ਦੋ ਰੁਪਏ ਮੰਗੇ।
ਕਾਰਨ ਪੁੱਛਣ 'ਤੇ ਉਸ ਨੇ ਦੱਸਿਆ "ਮੈਂ ਇੱਕ ਦਿਨ ਸਕੂਲ ਲੇਟ ਗਿਆ ਸੀ।" ਪਿਤਾ ਨੇ ਬੱਚੇ ਨੂੰ ਉਲਟਾ ਥੱਪੜ ਮਾਰਿਆ ਅਤੇ ਕਿਹਾ "ਲੇਟਣਾ ਹੀ ਸੀ ਤਾਂ ਘਰ ਵਿੱਚ ਕਿਉਂ ਨਹੀਂ ਲੇਟ ਲਿਆ।"

***********

ਗ੍ਰਾਹਕ-ਕੈਮਿਸਟ ਨੂੰ-ਬੱਚੇ ਲਈ ਕੁੱਝ ਵਿਟਾਮਨ ਚਾਹੀਦੇ ਹਨ।
ਕੈਮਿਸਟ-ਕਿਹੜਾ ਏ, ਬੀ ਜਾਂ ਸੀ?
ਗ੍ਰਾਹਕ-ਕੋਈ ਵੀ ਚੱਲੇਗਾ। ਮੇਰੇ ਬੇਟੇ ਨੂੰ ਅੰਗਰੇਜ਼ੀ ਨਹੀਂ ਆਉਂਦੀ।

***********

ਇੱਕ ਫਕੀਰ ਨੇ ਆਵਾਜ਼ ਮਾਰੀ, "ਅੱਲ੍ਹਾ ਦੇ ਨਾਮ 'ਤੇ ਰੋਟੀ ਦੇ ਦਿਓ।"
"ਬਾਬਾ ਜੀ, ਮੰਮੀ ਘਰ ਨਹੀਂ ਹੈ, ਅੰਦਰੋਂ ਆਵਾਜ਼ ਆਈ "ਭਾਈ ਮੈਨੂੰ ਰੋਟੀ ਚਾਹੀਦੀ, ਤੁਹਾਡੀ ਮੰਮੀ ਨਹੀਂ," ਫਕੀਰ ਬੋਲਿਆ।

***********

ਟ੍ਰੇਨ ਵਿੱਚ ਟੀ.ਟੀ. ਨੇ ਇੱਕ ਬੱਚੇ ਨੂੰ ਉਸ ਦੀ ਉਮਰ ਪੁੱਛੀ।
ਬੱਚੇ ਨੇ ਕਿਹਾ "ਘਰ ਵਿੱਚ ਪੰਦਰਾਂ ਸਾਲ, ਸਕੂਲ ਵਿੱਚ ਤੇਰਾਂ ਅਤੇ ਟ੍ਰੇਨ ਵਿੱਚ ਗਿਆਰਾਂ ਸਾਲ।"

***********

ਵਿਅਕਤੀ (ਸੁੰਦਰ ਨਰਸ ਨੂੰ), "ਮੈਂ ਤੁਹਾਨੂੰ ਪਹਿਲਾਂ ਕਿਤੇ ਦੇਖਿਆ ਹੈ ਤੇ ਤੁਹਾਡੇ ਨਾਲ ਘੁਲ ਮਿਲ ਕੇ ਗੱਲਾਂ ਵੀ ਕੀਤੀਆਂ ਹਨ, ਪਰ ਯਾਦ ਨਹੀਂ ਆ ਰਿਹਾ ਕਿ ਕਿਥੇ ਦੇਖਿਆ ਹੈ।"
ਨਰਸ, "ਤੁਸੀਂ ਮੈਨੂੰ ਜ਼ਰੂਰ ਦੇਖਿਆ ਹੋਵੇਗਾ ਤੇ ਗੱਲਾਂ ਵੀ ਕੀਤੀਆਂ ਹੋਣਗੀਆਂ। ਇਸ ਤੋਂ ਪਹਿਲਾਂ ਮੈਂ ਪਾਗਲਾਂ ਦੇ ਹਸਪਤਾਲ ਵਿੱਚ ਨਰਸ ਸੀ, ਹੁਣੇ-ਹੁਣੇ ਮੇਰਾ ਤਬਾਦਲਾ ਹੋਇਆ ਹੈ।"

***********

ਸ਼ੀਲਾ (ਸਹੇਲੀ ਮੀਨਾ ਨੂੰ), 'ਮੇਰੇ ਪਤੀ ਬਹੁਤ ਸਿੱਧੇ ਹਨ। ਮੇਰੇ ਇਲਾਵਾ ਕਿਸੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।'
ਮੀਨਾ, "ਮੇਰੇ ਪਤੀ ਤੇਰੇ ਪਤੀ ਤੋਂ ਚਾਰ ਕਦਮ ਅੱਗੇ ਹਨ।
ਪਰਾਈ ਔਰਤ ਤਾਂ ਕੀ, ਉਹ ਮੇਰੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।"

***********


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਤੁਰਕੀ-ਸੀਰੀਆ ਤਰਾਸਦੀ:ਭੁਚਾਲ ਪ੍ਰਭਾਵਤ ਸੂਬਿਆਂ 'ਚ 3 ਮਹੀਨਿਆਂ ਲਈ ਐਮਰਜੈਂਸੀ

ਅੰਕਾਰਾ: ਤੁਰਕੀ ਅਤੇ ਸੀਰੀਆ 'ਚ ਸੋਮਵਾਰ ਆਏ ਭੁਚਾਲ 'ਚ ਮਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਗੈਰ ਸਰਕਾਰੀ ਸੂਤਰਾਂ ਅਨੁਸਾਰ ਇਹ ਗਿਣਤੀ ਹਜ਼ਾਰਾਂ ਵਿੱਚ ਹੋ ਸਕਦੀ ਹੈ।ਹਜ਼ਾਰਾਂ ਲੋਕ ਹਾਲੇ ਵੀ ਲਾਪਤਾ ਹਨ। ਇਸ ਦੌਰਾਨ ਤੁਰਕੀ ਦੇ ਰਾਸ਼ਟਰਪਤੀ ਨੇ 10 ਸੂਬਿਆਂ 'ਚ ਤਿੰਨ ਮਹੀਨਆਂ ਲਈ ਐਮਰਜੈਂਸੀ ਲਾ ਦਿੱਤੀ ਹੈ।ਇਹ ਇਲਾਕੇ ਭੁਚਾਲ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਤ ਹੋਏ ਹਨ।ਤੁਰਕੀ 'ਚ 70 ਦੇਸ਼ਾਂ ਨੇ ਮਦਦ ਭੇਜਣ ਦਾ ਐਲਾਨ ਕੀਤਾ ਹੈ।ਡਬਲਯੂ ਐੱਚ ਓ ਨੇ ਕਿਹਾ ਕਿ ਇਸ ਭੁਚਾਲ ਨਾਲ ਪ੍ਰਭਾਵਤ ਹੋਣ ਵਾਲਿਆਂ ਦੀ ਗਿਣਤੀ 2 ਕਰੋੜ ਤੱਕ ਜਾ ਸਕਦੀ ਹੈ।ਉਥੇ ਹੀ ਮਰਨ ਵਾਲਿਆਂ ਦਾ ਅੰਕੜਾ 20 ਹਜ਼ਾਰ ਤੱਕ ਜਾ ਸਕਦਾ ਹੈ।ਤੁਰਕੀ ਦੀ ਡਿਜ਼ਾਸਟਰ ਮੈਨੇਜਮੈਂਟ ਏਜੰਸੀ ਨੇ ਕਿਹਾ ਕਿ 11 ਹਜ਼ਾਰ ਤੋਂ ਵੱਧ ਇਮਾਰਤਾਂ ਢੇਰੀ ਹੋ ਗਈਆਂ ਹਨ।ਉਨ੍ਹਾਂ ਕਿਹਾ ਕਿ ਜਿੱਥੇ ਕਦੀ ਚਮਚਮਾਉਂਦੀਆਂ ਇਮਾਰਤਾਂ ਹੁੰਦੀਆਂ ਸਨ, ਉਥੇ ਹੁਣ ਢੇਰਾਂ ਟਨ ਮਲਬਾ ਪਿਆ ਹੈ।ਤੁਰਕੀ ਦੀ ਐਮਰਜੈਂਸੀ ਏਜੰਸੀ ਏ ਏ ਐੱਫ ਏ ਡੀ ਨੇ ਕਿਹਾ ਕਿ 65 ਦੇਸ਼ਾਂ ਨੇ 2600 ਤੋਂ ਜ਼ਿਆਦਾ ਬਚਾਅ ਕਰਮੀ ਮਦਦ ਲਈ ਅੱਗੇ ਆਏ ਹਨ।ਯੂ ਐੱਨ ਨੇ ਕਿਹਾ ਕਿ ਬਰਫ਼ਬਾਰੀ ਅਤੇ ਬਾਰਿਸ਼ ਕਾਰਨ ਭੁਚਾਲ ਪ੍ਰਭਾਵਤ ਦੋਵਾਂ ਦੇਸ਼ਾਂ 'ਚ ਬਚਾਅ ਕੰਮ ਪ੍ਰਭਾਵਤ ਹੋ ਰਹੇ ਹਨ।ਐਮਰਜੈਂਸੀ ਸਰਵਿਸ ਦੀਆਂ ਟੀਮਾਂ ਨੂੰ ਰੈਸਕਿਊ 'ਚ ਕਾਫ਼ੀ ਪ੍ਰੇਸ਼ਾਨੀ ਹੋ ਰਹੀ ਹੈ।ਤੁਰਕੀ ਦੇ ਹਤਾਇਆ ਸੂਬੇ 'ਚ ਇੱਕ ਆਦਮੀ ਨੇ ਰੋਂਦੇ ਹੋਏ ਕਿਹਾ ਕਿ ਇਮਾਰਤਾਂ ਦੇ ਢੇਰ 'ਚ ਦੱਬੇ ਲੋਕ ਜਾਨ ਬਚਾਉਣ ਲਈ ਚੀਕ ਰਹੇ ਹਨ।ਭੁੱਖ ਅਤੇ ਕੜਾਕੇ ਦੀ ਠੰਢ ਨਾਲ ਪ੍ਰੇਸ਼ਾਨ ਹਨ।ਭੁਚਾਲ ਦੀਆਂ ਜੋ ਤਸਵੀਰਾਂ ਸਾਹਮਣੇ ਆ ਰਹੀਆਂ ਹਨ, ਉਸ ਤੋਂ ਬਾਅਦ ਕਈ ਲੋਕ ਜੋ ਬਚ ਗਏ ਹਨ ਆਪਣੇ ਘਰਾਂ 'ਚ ਵਾਪਸ ਜਾਣ ਤੋਂ ਡਰ ਰਹੇ ਹਨ।ਸੀਰੀਆ ਦੇ ਕਈ ਸ਼ਹਿਰਾਂ 'ਚ ਬਹੁਤ ਤਬਾਹੀ ਹੋਈ ਹੈ।ਲੋਕ ਦਰਦ ਨਾਲ ਚੀਕ ਰਹੇ ਹਨ ਅਤੇ ਮਦਦ ਲਈ ਉਥੇ ਹਾਲੇ ਤੱਕ ਕੋਈ ਨਹੀਂ ਪਹੁੰਚਿਆ।ਇਹ ਇਸ ਤਰ੍ਹਾਂ ਦਾ ਇਲਾਕਾ ਹੈ, ਜਿੱਥੇ ਇੱਕ ਦਹਾਕੇ ਤੋਂ ਜ਼ਿਆਦਾ ਸਮੇਂ ਤੱਕ ਚੱਲੇ ਯੁੱਧ ਕਾਰਨ ਪਹਿਲਾਂ ਹੀ ਕਾਫ਼ੀ ਤਬਾਹੀ ਦਾ ਮਾਹੌਲ ਸੀ।ਜਦ ਭੁਚਾਲ ਆਇਆ ਤਾਂ ਇਹ ਡਰਾ ਦੇਣ ਵਾਲਾ ਦ੍ਰਿਸ਼ ਅਤੇ ਦਰਦ ਲੋਕਾਂ ਨੂੰ ਦੇ ਗਿਆ।ਤੁਰਕੀ ਦੇ ਨੀਲੋਫਰ ਦਾ ਕਹਿਣਾ ਹੈ ਕਿ ਮੈਂ ਆਪਣੇ ਜੀਵਨ 'ਚ ਇਸ ਤਰ੍ਹਾਂ ਦਾ ਭੁਚਾਲ ਨਹੀਂ ਦੇਖਿਆ।ਅਸੀਂ ਲਗਭਗ ਇੱਕ ਮਿੰਟ ਤੱਕ ਏਧਰ-ਓਧਰ ਝੂਲਦੇ ਰਹੇ।












ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events







*Dream Catering "Your Venue, Our Food"*

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ


**For Bookings, Contact: 604-203-7272**

7236 -120St, Surrey, BC    Email:info@dreambanquethall.ca

# PEACE FURNITURE

**For The Peace Of Your Mind**



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca    Web:www.peacefurniture.ca